PUNJABI UNIVERSITY PATIALA

**ਬੀ.ਐਡ. ਸਮੈਸਟਰ ਪਹਿਲਾ** **ਪੇਪਰ ਤੀਜਾ**

**ਅਧਿਆਪਨ ਸਿੱਖਣ ਪ੍ਰਕਿਰਿਆ**

ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

**ਪਾਠ ਨੰਬਰ :**

**ਭਾਗ–ਅ**

| | | |
|---|---|---|
| 2.1 | : | ਅਧਿਆਪਨ ਸ਼ੈਲੀ : ਅਰਥ, ਸੰਕਲਪ, ਅਤੇ ਜਮਾਤ ਦੇ ਅਧਿਆਪਨ ਵਿਚ ਇਨ੍ਹਾਂ ਦੀ ਵਰਤੋਂ |
| 2.2 | : | ਸਿੱਖਣ ਸ਼ੈਲੀ : ਅਰਥ, ਸੰਕਲਪ ਅਤੇ ਇਨ੍ਹਾਂ ਦੀ ਜਮਾਤ ਦੇ ਵਾਤਾਵਰਣ ਵਿਚ ਉਪਯੋਗਤਾ |
| 2.3 | : | ਸਿੱਖਣ ਵਾਤਾਵਰਣ: ਅਰਥ, ਸਿੱਖਣ ਵਾਤਾਵਰਣ ਦੇ ਸੰਗਠਨ ਦੀ ਲੋੜ |
| 2.4 | : | ਸੰਗਿਆਨਾਤਮਕ ਪ੍ਰਕ੍ਰਿਆ ਲਈ ਅਧਿਆਪਨ ਅਤੇ ਸਿੱਖਣਾ, ਖੋਜ ਦੁਆਰਾ ਪ੍ਰਦਰਸ਼ਨੀ ਦੁਆਰਾ ਅਤੇ ਵਿਭਿੰਨ ਜਮਾਤਾਂ ਵਿਚ ਸੰਕਲਪ ਦਾ ਅਧਿਆਪਨ |

ਪਾਠ ਨੰ: 2.1 ਲੇਖਿਕਾ: ਡਾ. ਅਮੀਤਾ ਕਾਯਸਥਾ

# ਅਧਿਆਪਨ ਸ਼ੈਲੀ/ਤਰੀਕਾ - ਅਰਥ, ਸੰਕਲਪ ਅਤੇ ਜਮਾਤ ਅਧਿਆਪਨ ਵਿਚ ਇਨ੍ਹਾਂ ਦੀ ਵਰਤੋਂ

ਬਣਤਰ

2.1.1 ਉਦੇਸ਼
2.1.2 ਭੂਮਿਕਾ
2.1.3 ਅਧਿਆਪਨ ਸ਼ੈਲੀਆਂ/ਤਰੀਕਿਆਂ/(ਟੀਚਿੰਗ ਸਟਾਇਲ) ਦਾ ਅਰਥ ਅਤੇ ਪਰਿਭਾਸ਼ਾਵਾਂ
2.1.4 ਅਧਿਆਪਨ ਸ਼ੈਲੀਆਂ/ਤਰੀਕਿਆਂ/(ਟੀਚਿੰਗ ਸਟਾਇਲ) ਦਾ ਸੰਕਲਪ
2.1.4.1 ਅਧਿਆਪਨ ਤਰੀਕਿਆਂ ਦਾ ਵਰਗੀਕਰਣ
2.1.5 ਅਧਿਆਪਨ ਸ਼ੈਲਿਆਂ/ਤਰੀਕਿਆਂ ਦੀਆਂ ਜਮਾਤ ਵਿਚ ਵਰਤੋਂ
2.1.6 ਸਾਰਾਂਸ਼
2.1.7 ਮੁੱਖ ਸੰਕਲਪ
2.1.8 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ
2.1.9 ਛੋਟੇ ਪ੍ਰਸ਼ਨ

## 2.1.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ

1. ਅਧਿਆਪਨ ਤਰੀਕਿਆਂ ਦੀ ਪਰਿਭਾਸ਼ਾ ਦੱਸਣ ਦੇ ਯੋਗ ਹੋਣਗੇ।
2. ਅਧਿਆਪਨ ਤਰੀਕਿਆਂ ਦੇ ਸੰਕਲਪ ਦੀ ਵਿਆਖਿਆ ਕਰਨ ਦੇ ਯੋਗ ਹੋਣਗੇ।
3. ਅਧਿਆਪਨ ਤਰੀਕਿਆਂ ਦੀ ਕਿਸਮਾਂ ਬਾਰੇ ਚਰਚਾ ਕਰ ਸਕਣਗੇ।
4. ਵੱਖ-ਵੱਖ ਅਧਿਆਪਨ ਤਰੀਕਿਆਂ ਵਿਚਕਾਰ ਅੰਤਰ ਦੱਸ ਸਕਣਗੇ।
5. ਅਧਿਆਪਨ ਤਰੀਕਿਆਂ ਦੀ ਜਮਾਤ ਵਿਚ ਵਰਤੋਂ ਨੂੰ ਸਮਝ ਸਕਣਗੇ।
6. ਆਪਣੇ ਅਧਿਆਪਨ ਤਰੀਕੇ ਤੋਂ ਜਾਣੂ ਹੋਣਗੇ।
7. ਵੱਖ-ਵੱਖ ਅਧਿਆਪਨ ਤਰੀਕਿਆਂ ਨੂੰ ਆਪਣੀ ਜਮਾਤ ਵਿਚ ਵਰਤਣ ਦੇ ਯੋਗ ਹੋਣਗੇ।

## 2.1.2 ਭੂਮਿਕਾ :

ਜਿਸ ਤਰ੍ਹਾਂ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਸਾਡਾ ਸਿੱਖਣ ਦਾ ਆਪਣਾ ਵੀ ਤਰੀਕਾ ਹੈ, ਕਿਉਂਕਿ ਅਸੀਂ ਜਾਣਦੇ ਹਾਂ ਕਿ ਕੋਈ ਵੀ ਦੋ ਵਿਅਕਤੀ ਇਕੋ ਜਿਹੇ ਨਹੀਂ ਹੁੰਦੇ। ਸਾਡੇ ਵਿਚ ਵਿਅਕਤੀਗਤ ਭਿੰਨਤਾਵਾਂ ਵਾਪਰਦੀਆਂ ਹਨ । ਹਰੇਕ ਦਾ ਸਿੱਖਣ ਦਾ ਆਪਣਾ ਹੀ ਇਕ ਢੰਗ ਹੁੰਦਾ ਹੈ। ਕਿਸੇ ਵੀ ਜਮਾਤ ਵਿਚ ਹਰੇਕ ਵਿਦਿਆਰਥੀ ਆਪਣੇ ਹੀ ਤਰੀਕੇ/ਢੰਗ ਨਾਲ ਸਿਖਦਾ ਹੈ, ਇਸੇ ਤਰ੍ਹਾਂ ਅਧਿਆਪਕਾਂ ਦਾ ਵੀ ਅਧਿਆਪਨ ਦਾ ਆਪਣਾ ਹੀ ਇਕ ਤਰੀਕਾ ਹੁੰਦਾ ਹੈ ਜਿਹੜਾ ਕਿ ਉਸ ਲਈ ਸਭ ਤੋਂ ਵਧੀਆ ਹੁੰਦਾ ਹੈ। ਅਧਿਆਪਨ ਦਾ ਮੁੱਖ ਕੇਂਦਰ ਹੈ ਸਿੱਖਣ ਵਿਚ ਸਹਾਈ ਹੋਣਾ। ਜਮਾਤ ਵਿਚ ਅਧਿਆਪਨ ਕਿਰਿਆਵਾਂ ਦੁਆਰਾ ਵਿਦਿਆਰਥੀ ਦੇ ਵਿਵਹਾਰ ਵਿਚ ਤਬਦੀਲੀ ਲਿਆਈ ਜਾਂਦੀ ਹੈ। ਅਧਿਆਪਨ ਪ੍ਰਕ੍ਰਿਆ ਸਿਖਿਆਰਥੀ ਦੇ ਵਿਕਾਸਸ਼ੀਲ ਵਿਵਹਾਰ ਦੁਆਰਾ ਧਾਰਣਾਵਾਂ ਦਾ ਸਿਰਜਨ ਕਰਦੀ ਹੈ। ਜਿਵੇਂ ਕਿ ਕੁਠਾਰੀ ਸਿੱਖਿਆ ਕਮਿਸ਼ਨ ਦੀ ਰਿਪੋਰਟ ਦਾ ਪਹਿਲਾ ਫਿਰਕਾ ਵੀ ਇਹੋ ਹੀ ਹੈ ਕਿ “ਭਾਰਤ ਦਾ

ਭਵਿੱਖ ਉਸ ਦੇ ਸਕੂਲਾਂ ਦੀਆਂ ਜਮਾਤਾਂ ਵਿਚ ਲਿਖਿਆ ਜਾ ਰਿਹਾ ਹੈ।" ਇਸ ਲਈ ਕਿਸੇ ਵੀ ਅਧਿਆਪਕ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਸ ਨੂੰ ਆਪਣੇ ਪੜ੍ਹਾਉਣ ਦੇ ਤਰੀਕੇ ਬਾਰੇ ਡੂੰਗਾ ਗਿਆਨ ਹੋਵੇ ਜਿਸ ਰਾਹੀਂ ਉਹ ਵਿਦਿਆਰਥੀਆਂ ਨੂੰ ਗਿਆਨ ਦਿੰਦਾ ਹੋਇਆ ਅਤੇ ਉਨ੍ਹਾਂ ਦੇ ਵਿਵਹਾਰ ਨੂੰ ਆਕਾਰ ਦਿੰਦਾ ਹੋਇਆ ਅਧਿਆਪਨ ਦੇ ਉਦੇਸ਼ਾਂ ਦੀ ਪੂਰਤੀ ਕਰੇਗਾ। ਇਸ ਪਾਠ ਵਿਚ ਅਸੀਂ ਅਧਿਆਪਨ ਤਰੀਕਿਆਂ ਦੀਆਂ ਕਿਸਮਾਂ ਅਤੇ ਉਨ੍ਹਾਂ ਦੀ ਜਮਾਤ ਵਿਚ ਵਰਤੋਂ ਬਾਰੇ ਚਰਚਾ ਕਰਾਂਗੇ।

### 2.1.3 ਅਧਿਆਪਨ ਤਰੀਕੇ ਦਾ ਅਰਥ ਅਤੇ ਪਰਿਭਾਸ਼ਾਵਾਂ :

ਕੋਈ ਵੀ ਦੋ ਅਧਿਆਪਕ ਇਕੋ ਜਿਹੇ ਨਹੀਂ ਹੁੰਦੇ, ਅਤੇ ਇਸ ਲਈ ਉਨ੍ਹਾਂ ਦੇ ਪੜ੍ਹਾਉਣ ਦੇ ਤਰੀਕੇ ਵੀ ਅਲਗ ਹੁੰਦੇ ਨੇ। ਅਧਿਆਪਨ ਦਾ ਕੋਈ ਵੀ ਪ੍ਰਭਾਵਸ਼ਾਲੀ ਤਰੀਕਾ ਵਿਦਿਆਰਥੀਆਂ ਨੂੰ ਸਿੱਖਣ ਪ੍ਰਕ੍ਰਿਆ ਵਿਚ ਮਸ਼ਰੂਫ ਰੱਖਦਾ ਹੈ ਅਤੇ ਉਸ ਵਿਚ ਤਰਕਪੂਰਨ ਸੋਚਣ ਸ਼ਕਤੀ ਦੇ ਹੁਨਰ ਦਾ ਵਿਕਾਸ ਕਰਦਾ ਹੈ। ਪਰੰਪਰਾਗਤ (Traditional) ਅਧਿਆਪਨ ਤਰੀਕਿਆਂ ਵਿਚ ਹੁਣ ਬਹੁਤ ਬਦਲਾਵ ਆਇਆ ਹੈ ਜਿਹੜਾ ਕਿ ਅਧਿਆਪਕ ਨੂੰ ਆਪਣੇ ਅਧਿਆਪਨ ਨੂੰ ਵਿਦਿਆਰਥੀਆਂ ਦੀਆਂ ਲੋੜਾਂ ਦੇ ਅਨੁਸਾਰ ਢਾਲਣ ਲਈ ਮਜ਼ਬੂਰ ਕਰਦਾ ਹੈ, ਤਾਂਕੀ ਵਿਦਿਆਰਥੀਆਂ ਦੇ ਵਿਵਹਾਰ ਵਿਚ ਲੋੜੀਂਦੀ ਤਬਦੀਲੀ ਲਿਆਈ ਜਾ ਸਕੇ।

**ਪਰਿਭਾਸ਼ਾਵਾਂ :**

1. ਮਨੋਵਿਗਿਆਨ ਦੇ ਸ਼ਬਦਕੋਸ਼ ਅਨੁਸਾਰ, "ਟੀਚਿੰਗ ਸਟਾਇਲ (ਅਧਿਆਪਨ ਤਰੀਕਾ) ਪ੍ਰਗਟਾਏ ਦਾ ਉਹ ਢੰਗ ਹੈ ਜਿਹੜਾ ਕਿਸੇ ਖਾਸ ਕਲਾਕਾਰ ਦੇ ਕੰਮ ਨੂੰ ਜਾ ਸਮੂਹ ਕਲਾਕਾਰਾਂ ਦੇ ਕੰਮ ਨੂੰ ਵੱਖਰਾ ਰੱਖਦਾ ਹੈ।"
2. ਟੀਚਿੰਗ ਸਟਾਇਲ (ਅਧਿਆਪਨ ਤਰੀਕਾ) - "ਪ੍ਰਤੇਕ ਅਧਿਆਪਕ ਦਾ ਪੜ੍ਹਾਉਣ ਦਾ ਇਕ ਅਲਗ ਤਰੀਕਾ ਹੁੰਦਾ ਹੈ ਜਿਸ ਵਿੱਚ ਉਸ ਦਾ ਪ੍ਰਭਾਵਸ਼ਾਲੀ ਹੋਣਾ ਅਤੇ ਵਿਸ਼ੇ ਦਾ ਮਾਹਿਰ ਹੋਣਾ ਸ਼ਾਮਿਲ ਹੈ। ਇਹ ਅਧਿਆਪਕ ਦੇ ਉਹ ਗੁਣ ਨੇ ਜਿਹੜੇ ਉਸ ਦੇ ਅਧਿਆਪਨ ਤਰੀਕੇ, ਢੰਗ ਅਤੇ ਜਮਾਤ ਵਿਚ ਉਸਦੇ ਵਿਵਹਾਰ ਦਾ ਵਖਾਨ ਕਰਦੇ ਹਨ।"
3. ਆਮ ਆਦਮੀ ਦੇ ਵਿਚਾਰਾਂ ਅਨੁਸਾਰ, ਟੀਚਿੰਗ ਸਟਾਇਲ ਇਕ ਤਰੀਕਾ ਹੈ ਜਿਸ ਦੁਆਰਾ ਇਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਇਕ ਖਾਸ ਸ਼ੈਲੀ (ਢੰਗ) ਦੁਆਰਾ ਪੜ੍ਹਾਉਂਦਾ ਹੈ।

### 2.1.4 ਅਧਿਆਪਨ ਸ਼ੈਲੀ ਦਾ ਸੰਕਲਪ :

ਉਪਰੋਕਤ ਚਰਚਾ ਤੋਂ ਅਸੀਂ ਇਹ ਜਾਣ ਗਏ ਹਾਂ ਕਿ ਜਿਸ ਤਰ੍ਹਾਂ ਕੋਈ ਵੀ ਸਿਖਿਆਰਥੀ ਕੁਝ ਸਿਖਣ ਲਈ ਇਕ ਢੰਗ ਦੀ ਵਰਤੋਂ ਨਹੀਂ ਕਰਦੇ, ਉਸ ਤਰ੍ਹਾਂ ਕੋਈ ਦੋ ਅਧਿਆਪਕ ਵੀ ਇਕ ਸਮਾਨ ਨਹੀਂ ਹੁੰਦੇ ਅਤੇ ਉਨ੍ਹਾਂ ਦੇ ਵੱਖ ਵੱਖ ਅਧਿਆਪਨ ਤਰੀਕੇ ਹੁੰਦੇ ਹਨ ਜਿਨ੍ਹਾਂ ਰਾਹੀਂ ਉਹ ਵਿਦਿਆਰਥੀਆਂ ਤੇ ਪ੍ਰਭਾਵ ਪਾਉਂਦੇ ਹਨ। ਅਧਿਆਪਨ ਤਰੀਕਾ ਅਧਿਆਪਕ ਬਾਰੇ ਕੁਝ ਜਾਣਕਾਰੀ ਦਿੰਦਾ, ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਧਿਆਪਨ ਸ਼ੈਲੀ ਅਧਿਆਪਕ ਦੀ ਮਹਾਰਤ ਦੀ ਵਿਆਖਿਆ ਕਰਦੀ ਹੈ। ਇਹ ਸਭ ਨਿਰਭਰ ਕਰਦਾ ਹੈ- ਅਧਿਆਪਕ ਦੀਆਂ ਸਿੱਖਿਆ ਪ੍ਰਤਿ ਕਦਰਾਂ-ਕੀਮਤਾਂ ਤੇ, ਅਧਿਆਪਕ ਦੀ ਸਿਖਿਆ ਨਾਲ ਸੰਬੰਧੀ ਕੀ ਵਿਚਾਰਧਾਰਾ ਹੈ, ਕਿਹੜਾ ਵਿਸ਼ਾ ਉਹ ਪੜ੍ਹਾ ਰਿਹਾ ਹੈ, ਜਮਾਤ ਦੀ ਬੱਚਿਆਂ ਦੀ ਸੰਖਿਆ ਤੇ ਅਤੇ ਸਕੂਲ ਦੇ ਸਿੱਖਿਆ ਸਬੰਧੀ ਸਿਸ਼ਨ ਤੇ। ਵਿਦਿਆਰਥੀਆਂ ਦੇ ਸਿਖਣ ਦੇ ਵੱਖ-ਵੱਖ ਤਰੀਕਿਆਂ ਦਾ ਗਿਆਨ ਵੀ ਅਧਿਆਪਕ ਦੀ ਅਧਿਆਪਨ ਸ਼ੈਲੀ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਜਿਹੜੇ ਅਧਿਆਪਕ ਵਿਦਿਆਰਥੀਆਂ ਦੀਆਂ ਲੋੜਾਂ ਦੇ ਅਨੁਸਾਰ ਆਪਣੀ ਅਧਿਆਪਨ ਸ਼ੈਲੀ ਦੀ ਖੋਜ ਅਤੇ ਵਿਕਾਸ ਕਰ ਲੈਂਦੇ ਹਨ ਉਹ ਆਪਣੇ ਅਧਿਆਪਨ ਦੇ ਖੇਤਰ ਵਿਚ ਅੱਗੇ ਵੱਲ ਨੂੰ ਤੇਜ਼ੀ ਨਾਲ ਵੱਧਦੇ ਹਨ ਅਤੇ ਵਿਦਿਆਰਥੀਆਂ ਦਾ ਵੀ ਭਲਾ ਕਰਦੇ ਹਨ। ਕਿਉਂਕਿ ਉਨ੍ਹਾਂ ਨੂੰ ਆਪਣੇ ਅਧਿਆਪਨ ਦੀਆਂ ਪ੍ਰਾਥਮਿਕਤਾਵਾਂ ਦਾ ਅਤੇ ਵਿਦਿਆਰਥੀਆਂ ਦੀ ਸਿੱਖਣ ਪ੍ਰਾਥਮਿਕਤਾਵਾਂ ਦਾ ਗੂਢ ਗਿਆਨ ਹੁੰਦਾ ਹੈ ਜਿਸ ਰਾਹੀਂ ਉਹ ਸਿੱਖਣ-ਸਿੱਖਾਉਣ ਦੇ ਟੀਚਿਆਂ ਨੂੰ ਪ੍ਰਾਪਤ ਕਰਦੇ ਹਨ।

2.1.4.1 **ਅਧਿਆਪਨ ਤਰੀਕਾ/ਸ਼ੈਲੀ ਦੀਆਂ ਕਿਸਮਾਂ :**

ਨਤਾਸ਼ਾ ਕਵੀਨੋਨੇਜ਼ (2014) ਨੇ ਅਧਿਆਪਨ ਸ਼ੈਲੀਆਂ ਦੀਆਂ ਪੰਜ ਮੁੱਖ ਕਿਸਮਾਂ ਦੀ ਚਰਚਾ ਕੀਤੀ ਹੈ।

1. **ਮਾਸ਼ਣ ਸ਼ੈਲੀ ਜਾਂ (Authority) :**

(i) ਇਹ ਅਧਿਆਪਕ ਕੇਂਦਰਿਤ ਸ਼ੈਲੀ ਹੈ।

(ii) ਇਸ ਵਿਚ ਅਧਿਆਪਕ ਲੰਬੇ ਸਮੇਂ ਤੱਕ ਭਾਸ਼ਣ ਦਿੰਦਾ ਹੈ। ਵਿਦਿਆਰਥੀ ਨੋਟ ਕਰਦੇ ਹਨ ਅਤੇ ਸੁਣਦੇ ਹਨ।

(iii) ਇਹ ਇਕ ਪਰਮਪਰਾਗਤ ਸ਼ੈਲੀ ਹੈ, ਅਤੇ ਅਧਿਆਪਨ ਦਾ ਇਕ ਰਸਮੀ ਤਰੀਕਾ ਹੈ।

(iv) ਇਹ ਸ਼ੈਲੀ ਉੱਚ ਸਿੱਖਿਆ ਦੇ ਖੇਤਰ ਵਿਚ ਉਪਯੋਗੀ ਹੈ।

(v) ਇਸ ਦੇ ਦੁਆਰਾ ਇਤਿਹਾਸ ਜਿਹੇ ਵਿਸ਼ੇ ਪੜ੍ਹਾਏ ਜਾਂਦੇ ਹਨ ਜਿਸ ਵਿਚ ਵਿਦਿਆਰਥੀ ਨੂੰ ਤੱਥ, ਨਾਂ ਅਤੇ ਤਰੀਕਿਆਂ ਨੂੰ ਯਾਦ ਕਰਨਾ ਹੁੰਦਾ ਹੈ।

(vi) ਇਹ ਛੋਟੀਆਂ ਜਮਾਤਾਂ ਲਈ ਘੱਟ ਚੰਗੀ ਹੈ।

(vii) ਇਸ ਵਿਚ ਅਧਿਆਪਨ ਅਤੇ ਵਿਦਿਆਰਥੀਆਂ ਵਿਚਕਾਰ ਅੰਤਰਕ੍ਰਿਆ ਨਾਮਮਾਤਰ ਜਾਂ ਬਿਲਕੁਲ ਵੀ ਨਹੀਂ ਹੁੰਦੀ।

(viii) ਇਸ ਤਰੀਕੇ ਵਿਚ ਬੱਚਿਆਂ ਪ੍ਰਤਿ ਵਿਅਕਤੀਗਤ ਧਿਆਨ ਦੀ ਕਮੀ ਹੈ।

2. **ਕੋਚ ਸ਼ੈਲੀ ਜਾਂ (Demonstration style) :**

ਇਹ ਅਧਿਆਪਨ ਸ਼ੈਲੀ ਵੀ ਅਧਿਆਪਕ ਕੇਂਦਰਿਤ ਹੈ ਅਤੇ ਅਧਿਆਪਕ ਹੀ ਮੁੱਖ ਭੂਮਿਕਾ ਨਿਭਾਉਂਦਾ ਹੈ। ਇਸ ਵਿਧੀ ਵਿਚ ਅਧਿਆਪਕ ਨੇ ਜੋ ਕੁਛ ਪ੍ਰਕ੍ਰਿਆ ਵਿਦਿਆਰਥੀਆਂ ਨੂੰ ਸਿਖਾਉਣੀ ਹੁੰਦੀ ਹੈ ਉਸ ਨੂੰ ਉਹ ਪਹਿਲਾਂ ਆਪ ਕਰਕੇ ਦਿਖਾਉਂਦਾ ਹੈ। ਇਸ ਵਿਚ ਅਧਿਆਪਕ ਆਪਣੀ ਮਹਾਰਤ ਦਾ ਪ੍ਰਦਰਸ਼ਨ ਦਿੰਦਾ ਹੈ। ਇਸ ਵਿਧੀ ਵਿਚ ਬੱਚਿਆਂ ਦੀ ਕੀ ਲੋੜ ਹੈ ਅਤੇ ਉਨ੍ਹਾਂ ਨੂੰ ਕੀ ਸਿਖਣਾ ਚਾਹੀਦਾ ਹੈ, ਇਸ ਚੀਜ਼ ਦਾ ਧਿਆਨ ਰੱਖਿਆ ਜਾਂਦਾ ਹੈ।

ਇਸ ਵਿਧੀ ਵਿਚ ਅਧਿਆਪਕ ਨੂੰ ਆਪਣੀ ਅਧਿਆਪਨ ਸ਼ੈਲੀ ਵਿਚ ਵੱਖ-ਵੱਖ ਰਚਨਾਤਮਕ ਵਿਧੀਆਂ ਦੀ ਵਰਤੋਂ ਕਰਨ ਦਾ ਮੌਕਾ ਮਿਲਦਾ ਹੈ, ਜਿਵੇਂ ਕਿ ਲੈਕਚਰ ਦੇਣਾ, ਮਲਟੀਮੀਡਿਆ ਪ੍ਰੈਜ਼ੈਂਟੇਸ਼ਨਜ਼ ਅਤੇ ਸਿੱਧ ਕਰਨਾ (ਪ੍ਰਮਾਣਿਤ ਕਰਨਾ) ਆਦਿ। ਇਸ ਸ਼ੈਲੀ ਰਾਹੀਂ ਮੈਥ, ਸੰਗੀਤ, ਸ਼ਰੀਰਕ ਸਿਖਿਆ ਅਤੇ ਕਰਾਫਟ ਆਦਿ ਵਿਸ਼ੇ ਬਹੁਤ ਚੰਗੀ ਤਰ੍ਹਾਂ ਪੜ੍ਹਾਏ ਜਾ ਸਕਦੇ ਹਨ। ਲੇਕਿਨ ਵੱਡੀਆਂ ਜਮਾਤਾਂ ਵਿਚ ਵਿਦਿਆਰਥੀਆਂ ਦੀਆਂ ਵਿਅਕਤੀਗਤ ਲੋੜਾਂ ਨੂੰ ਪੂਰਾ ਕਰਨਾ ਮੁਸ਼ਕਿਲ ਹੁੰਦਾ ਹੈ।

3. **ਕਿਰਿਆ ਸ਼ੈਲੀ/ਸਹਾਇਕ : (Activity Style)**

ਇਹ ਸ਼ੈਲੀ ਸਵੈ-ਸਿੱਖਣ ਨੂੰ ਤਰਜੀਹ ਦਿੰਦੀ ਹੈ ਅਤੇ ਵਿਦਿਆਰਥੀ ਵਿਚ ਆਲੋਚਨਾਤਮਕ ਸੋਚ ਦੇ ਹੁਨਰ ਦਾ ਵਿਕਾਸ ਕਰਦੀ ਹੈ ਜਿਸ ਰਾਹੀਂ ਵਿਦਿਆਰਥੀ ਆਤਮ ਪੂਰਨਤਾ ਵੱਲ ਵੱਧਦਾ ਹੈ। ਇਸ ਉਪਾਗਮ ਅਨੁਸਾਰ ਅਧਿਆਪਕ ਇਕ ਸਲਾਹਕਾਰ ਦੀ ਭੂਮਿਕਾ ਨਿਭਾਉਂਦਾ ਹੈ ਜਿਹੜਾ ਕਿ ਵਿਦਿਆਰਥੀਆਂ ਦੀ ਕਿਰਿਆ ਦੁਆਰਾ ਸਿਖਣ ਵਿਚ ਮਦਦ ਕਰਦਾ ਹੈ। ਇਸ ਤਰੀਕੇ ਰਾਹੀਂ ਵਿਦਿਆਰਥੀਆਂ ਨੂੰ ਪ੍ਰਸ਼ਨ ਪੁਛਣ ਦਾ ਅਭਿਆਸ ਹੁੰਦਾ ਹੈ ਅਤੇ ਉਹ ਖੋਜ ਦੁਆਰਾ ਆਪਣੇ ਪ੍ਰਸ਼ਨਾਂ ਦੇ ਉੱਤਰ ਲਭਣ ਵਿਚ ਕੁਸ਼ਲ ਬਣਦੇ ਹਨ। ਇਸ ਸ਼ੈਲੀ ਰਾਹੀਂ ਵਿਗਿਆਨ ਦਾ ਵਿਸ਼ਾ ਚੰਗੀ ਤਰ੍ਹਾਂ ਪੜ੍ਹਾਇਆ ਜਾ ਸਕਦਾ ਹੈ। ਇਸ ਵਿਚ ਅਧਿਆਪਕ ਬੱਚਿਆਂ ਨੂੰ ਖੋਜ ਲਈ ਉਕਸਾਉਂਦਾ ਹੈ।

4. **ਸਮੂਹ ਸ਼ੈਲੀ :(Group Style)**

ਇਹ ਤਰੀਕਾ ਸਮੂਹ ਵਿਚ ਕੰਮ ਕਰਨ ਦੀ ਯੋਗਤਾ ਨੂੰ ਤਰਜੀਹ ਦਿੰਦਾ ਹੈ। ਇਸ ਸ਼ੈਲੀ ਰਾਹੀਂ ਅਧਿਆਪਕ ਵਿਦਿਆਰਥੀਆਂ ਦਾ ਸਮੂਹ ਵਿਚ ਦਿਸ਼ਾਨਿਰਦੇਸ਼ਨ ਕਰਦਾ ਹੈ ਅਤੇ ਉਨ੍ਹਾਂ ਨੂੰ ਸਮੂਹ ਵਿਚ ਕੰਮ ਪੂਰਾ ਕਰਨ ਲਈ ਆਖਦਾ ਹੈ। ਜਿਸ ਦੇ ਦੁਆਰਾ ਵਿਦਿਆਰਥੀ ਆਪ ਹੀ ਸਿੱਖ ਜਾਂਦਾ ਹੈ। ਅਧਿਆਪਕ ਇਕ ਨਿਰਦੇਸ਼ਕ ਦੀ ਭੂਮਿਕਾ

ਨਿਭਾਉਂਦਾ ਹੈ। ਵਿਦਿਆਰਥੀ ਪੁਛ-ਗਿਛ ਰਾਹੀਂ ਸਿਖਦਾ ਹੈ ਅਤੇ ਖੋਜ ਕਰਦਾ ਹੈ। ਅਧਿਆਪਕ ਵਿਦਿਆਰਥੀਆਂ ਨੂੰ ਉਤਸਾਹਿਤ ਕਰਦਾ ਹੈ। ਇਸ ਸ਼ੈਲੀ ਰਾਹੀਂ ਰਸਾਇਨ ਵਿਗਿਆਨ ਅਤੇ ਜੀਵ ਵਿਗਿਆਨ ਵਰਗੇ ਵਿਸ਼ੇ ਪੜ੍ਹਾਏ ਜਾਂਦੇ ਹਨ ਜਿਨ੍ਹਾਂ ਵਿਚ ਪ੍ਰਯੋਗਸ਼ਾਲਾ ਦੀ ਵਰਤੋਂ ਹੁੰਦੀ ਹੈ। ਇਹ ਇਕ ਆਧੁਨਿਕ ਅਧਿਆਪਨ ਸ਼ੈਲੀ ਹੈ।

5. **ਸਿਮ੍ਰਿਤ ਸ਼ੈਲੀ : (Mixed Style)**

ਸਿਮ੍ਰਿਤ ਅਧਿਆਪਨ ਸ਼ੈਲੀ ਦੀਆਂ ਨਿਮਨਲਿਖਿਤ ਵਿਸ਼ੇਸ਼ਤਾਈਆਂ ਹਨ –

1. ਸੰਗਠਿਤ ਉਪਾਗਮ ਹੈ।
2. ਅਧਿਆਪਕ ਦੇ ਵਿਅਕਤਿਤਵ ਅਤੇ ਰੁਚਿਆਂ ਦਾ ਵਿਦਿਆਰਥੀਆਂ ਦੀ ਲੋੜ ਅਤੇ ਪਾਠਕ੍ਰਮ ਦੇ ਸਹੀ ਤਰੀਕਿਆ ਦਾ ਸੰਗਠਨ ਹੈ।
3. ਵੱਖ-ਵੱਖ ਅਧਿਆਪਨ ਤਰੀਕਿਆਂ ਦਾ ਸੰਗਠਨ ਹੈ।
4. ਅਧਿਆਪਕ ਨੂੰ ਇਕ ਵਿਲੱਖਣ ਅਧਿਆਪਨ ਸ਼ੈਲੀ ਰਾਹੀਂ ਪੜ੍ਹਾਉਣ ਦੀ ਆਜ਼ਾਦੀ ਦਿੰਦਾ ਹੈ ਜਿਹੜਾ ਕਿ ਵਿਸ਼ਾ ਵਸਤੂ ਅਤੇ ਵਿਦਿਆਰਥੀਆਂ ਲਈ ਉਚਿਤ ਹੋਵੇ।

ਕਈ ਵਾਰ ਸਿਮ੍ਰਿਤ ਅਧਿਆਪਨ ਸ਼ੈਲੀ ਰਾਹੀਂ ਅਧਿਆਪਕ ਬਹੁਤੇ ਵਿਦਿਆਰਥੀਆਂ ਨੂੰ ਬਹੁਤ ਕੁਝ ਸਿਖਾਉਂਦਾ ਹੋਇਆ ਆਪਣੇ ਉਦੇਸ਼ ਤੇ ਵੀ ਭਟਕ ਸਕਦਾ ਹੈ ਜਿਸ ਦਾ ਸਿੱਖਣ ਦੀ ਗੁਣਵੱਤਾ ਤੇ ਬੁਰਾ ਪ੍ਰਭਾਵ ਪੈਂਦਾ ਹੈ।

ਅੱਜਕਲ ਦੀਆਂ ਵਿਦਿਆਰਥੀ ਕੇਂਦਰਿਤ ਜਮਾਤਾਂ ਲਈ ਸਭ ਤੋਂ ਵਧੀਆ ਅਤੇ ਆਦਰਸ਼ ਅਧਿਆਪਨ ਸ਼ੈਲੀ ਸਿਮ੍ਰਿਤ ਉਪਾਰਮ ਹੈ। ਜਿਸ ਦੇ ਦੁਆਰਾ ਅਧਿਆਪਕ ਵਿਦਿਆਰਥੀਆਂ ਨੂੰ ਵਧੀਆ ਤੋਂ ਵਧੀਆ ਅਤੇ ਵੱਧ ਤੋਂ ਵੱਧ ਗਿਆਨ ਦੇਣ ਲਈ ਕੋਸ਼ਿਸ਼ ਕਰਦਾ ਹੈ।

ਪੀ.ਬੀ. ਥਾਰੰਟਨ ਨੇ ਸਿਖਲਾਹੀ/ਅਧਿਆਪਨ ਸ਼ੈਲੀਆਂ ਦੀ ਹੇਠ ਲਿਖੇ ਅਨੁਸਾਰ ਵਿਆਖਿਆ ਕੀਤੀ ਹੈ। ਉਨ੍ਹਾਂ ਨੇ ਅਧਿਆਪਨ ਸ਼ੈਲੀਆਂ ਦੀ ਤਿੰਨ ਕਿਸਮਾਂ ਦਿੱਤੀਆਂ ਸਨ –

ੳ. ਦਿਸ਼ਾ-ਨਿਰਦੇਸ਼ਨ (ਡਾਇਰੈਕਸ਼ਨ)

ਅ. ਵਿਚਾਰ-ਵਟਾਂਦਰਾ/ਚਰਚਾ (ਡਿਸਕਸ਼ਨ)

ੲ. ਵਫਦ (ਡੈਲੀਗੇਸ਼ਨ)

**(ੳ) ਦਿਸ਼ਾ-ਨਿਰਦੇਸ਼ਨ :** ਇਸ ਸ਼ੈਲੀ ਵਿਚ ਕਾਰਜ ਅਨੁਭਵ ਘੱਟ ਹੁੰਦਾ ਹੈ। ਇਸ ਵਿਚ ਬੱਚੇ ਸੁਣਦੇ ਹਨ ਅਤੇ ਅਧਿਆਪਕ ਉਨ੍ਹਾਂ ਦਾ ਦਿਸ਼ਾ ਨਿਰਦੇਸ਼ਨ ਕਰਦਾ ਹੈ। ਅਧਿਆਪਕ ਹੀ ਬੱਚਿਆਂ ਨੂੰ ਦੱਸਦਾ ਹੈ ਕਿ, ਕੀ ਕਰਨਾ ਹੈ ? ਕਿਸ ਤਰ੍ਹਾਂ ਕਰਨਾ ਹੈ? ਅਤੇ ਕਦੋਂ ਕਰਨਾ ਹੈ ? ਅਧਿਆਪਕ ਬੱਚਿਆਂ ਨੂੰ ਭਾਸ਼ਣ, ਪ੍ਰਦਰਸ਼ਨ, ਸ੍ਰਵਣ-ਦ੍ਰਿਸ਼ਟੀ ਪੇਸ਼ਕਾਰੀਆਂ, ਭੂਮਿਕਾ ਨਿਭਾਉਣਾ ਆਦਿ ਵੱਖ-ਵੱਖ ਤਰੀਕਿਆਂ ਦੁਆਰਾ ਜਾਣਕਾਰੀ ਦਿੰਦਾ ਹੈ। ਬੱਚੇ ਸੁਣਦੇ ਹਨ, ਲਿਖਦੇ ਹਨ, ਭੂਮਿਕਾ ਨਿਭਾਉਂਦੇ ਹਨ ਅਤੇ ਅਭਿਆਸ ਕਰਦੇ ਹਨ।

**(ਅ) ਚਰਚਾ :** ਇਹ ਇਕ ਅੰਤਰਕਿਰਿਆ ਪ੍ਰਧਾਨ ਅਧਿਆਪਨ ਸ਼ੈਲੀ ਹੈ। ਇਹ ਸੋਕਰਾਤ ਦੁਆਰਾ ਦਿੱਤੀ ਗਈ ਸੀ। ਇਸ ਵਿਚ ਅਧਿਆਪਕ ਵਿਚਾਰ-ਵਟਾਂਦਰੇ ਦੁਆਰਾ ਬੱਚਿਆਂ ਦੀ ਆਲੋਚਨਾਤਮਕ ਸੋਚ ਨੂੰ ਤਰਜੀਹ ਦਿੰਦਾ ਹੈ। ਚਰਚਾ ਦਾ ਦਿਸ਼ਾ-ਨਿਰਦੇਸ਼ਨ ਕਰਦੇ ਹੋਏ ਅਧਿਆਪਕ ਬੱਚਿਆਂ ਦੀ ਤਰਕਪੂਰਣ ਨਤੀਜੇ ਕੱਢਣ ਵਿਚ ਮਦਦ ਕਰਦਾ ਹੈ।

**(ੲ) ਵਫਦ (ਡੈਲੀਗੇਸ਼ਨ) :** ਇਸ ਅਧਿਆਪਨ ਸ਼ੈਲੀ ਵਿਚ ਅਧਿਆਪਕ ਸ਼ਸ਼ਕਤੀਕਰਣ ਦੁਆਰਾ ਸਿੱਖਣ ਨੂੰ ਵਧਾਉਂਦਾ ਹੈ। ਅਧਿਆਪਕ ਬੱਚਿਆਂ ਨੂੰ ਕੰਮ ਦਿੰਦਾ ਹੈ ਜਿਸ ਨੂੰ ਵਿਦਿਆਰਥੀ ਸਵਤੰਤਰ ਰੂਪ ਵਿਚ ਜਾਂ ਸਮੂਹ ਵਿਚ ਪੂਰਾ ਕਰਦਾ ਹੈ ਅਤੇ ਸਿੱਖਦਾ ਹੈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਧਿਆਪਕ ਨੂੰ ਕਿਸੇ ਵੀ ਇਕ ਸਿਖਲਾਈ ਸ਼ੈਲੀ ਤੇ ਨਿਰਭਰ

ਨਹੀਂ ਰਹਿਣਾ ਚਾਹੀਦਾ ਹੈ, ਕਿਉਂਕਿ ਇਕ ਹੀ ਤਰੀਕੇ ਨਾਲ ਪੜ੍ਹਾਉਣ ਦੇ ਕਾਰਣ ਵਿਦਿਆਰਥੀ ਆਪਣੀ ਰੁਚੀ ਖੋ ਬੈਠਦੇ ਨੇ ਅਤੇ ਅਧਿਆਪਕ ਤੇ ਹੀ ਨਿਰਭਰ ਕਰਦੇ ਹਨ।

**ਛੋਟੇ ਉੱਤਰ ਵਾਲੇ ਪ੍ਰਸ਼ਨ :**

1. Anthony Grasha ਨੇ ਕਿੰਨੇ ਅਧਿਆਪਨ ਸਟਾਇਲ ਦੀ ਪਛਾਣ ਕੀਤੀ ਹੈ।
2. ਨਤਾਸ਼ਾ ਕਵੀਨੋਨੇਜ਼ ਦੁਆਰਾ ਦਿੱਤੇ ਗਏ ਅਧਿਆਪਨ ਸਟਾਇਲ/ਤਰੀਕਿਆਂ ਨੂੰ ਸੂਚੀਬੱਧ ਕਰੋ।

**2.1.5 ਅਧਿਆਪਨ/ਸਿਖਲਾਈ ਸ਼ੈਲੀਆਂ ਦੀ ਜਮਾਤ ਵਿਚ ਵਰਤੋਂ :**

ਅਜ ਦੇ ਅਧਿਆਪਕਾਂ ਨੂੰ ਕੁਝ ਇਹੋ ਜਿਹੇ ਸਿਖਲਾਈ ਤਰੀਕਿਆਂ ਨੂੰ ਅਮਲ ਵਿਚ ਲੈਕੇ ਆਉਣਾ ਚਾਹੀਦਾ ਹੈ ਜਿਹੜੇ ਕਿ ਵੱਖ-ਵੱਖ ਤਰ੍ਹਾਂ ਦੀ ਜਮਾਤਾਂ ਵਿਚ ਕੰਮ ਆ ਸਕਣ ਜਾਂ ਲਾਗੂ ਹੋ ਸਕਣ। ਅਧਿਆਪਕ ਨੂੰ ਉਨ੍ਹਾਂ ਸਿਖਲਾਈ ਤਰੀਕਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਹੜੇ ਕਿ ਗੁਣਵਾਨ ਬੱਚਿਆਂ ਤੋਂ ਲੈ ਕੇ ਮੰਦ ਬੁੱਧੀ ਬੱਚਿਆਂ ਦੀ ਲੋੜਾਂ ਨੂੰ ਇਕ ਸਮੇਂ ਵਿਚ ਹੀ ਪੂਰਾ ਕਰ ਸਕਣ। ਵਿਦਿਆਰਥੀਆਂ ਨੂੰ ਜਮਾਤ ਵਿਚ ਕਿਸ ਤਰ੍ਹਾਂ ਕੰਮ ਤੇ ਲਗਾਉਣਾ ਹੈ ਅਤੇ ਕਿਸ ਤਰ੍ਹਾਂ ਉਨ੍ਹਾਂ ਨੂੰ ਲੋੜੀਂਦੀ ਜਾਣਕਾਰੀ ਦੇਣੀ ਹੈ ਇਸ ਲਈ ਸਭ ਤੋਂ ਪਹਿਲਾ ਅਧਿਆਪਕ ਨੂੰ ਉਸ ਅਧਿਆਪਨ ਸ਼ੈਲੀ ਦਾ ਚੁਣਾਅ ਕਰਨਾ ਹੁੰਦਾ ਹੈ ਜਿਸ ਰਾਹੀਂ ਉਹ ਸਿੱਖਿਆ ਦੇ ਵੱਖ-ਵੱਖ ਉਦੇਸ਼ਾਂ ਦੀ ਅਤੇ ਵਿਦਿਆਰਥੀਆਂ ਦੀਆਂ ਲੋੜਾਂ ਦੀ ਪੂਰਤੀ ਕਰ ਸਕੇ।

ਵੱਖ-ਵੱਖ ਸਿਖਲਾਈ ਸ਼ੈਲੀਆਂ ਨੂੰ ਨਿਮਨ ਅਨੁਸਾਰ ਜਮਾਤ ਵਿਚ ਲਾਗੂ ਕੀਤਾ ਜਾ ਸਕਦਾ ਹੈ :

1. ਵਿਸ਼ੇਸ਼ ਜਾਣਕਾਰੀ ਦੇਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਸਾਧਾਰਣ ਅਤੇ ਸੰਖੇਪ ਜਾਣਕਾਰੀ ਦੇਣੀ ਚਾਹੀਦੀ ਹੈ।
2. ਸਪਸ਼ਟ ਅਤੇ ਸੰਖੇਪ : ਅਧਿਆਪਕ ਨੂੰ ਵਿਦਿਆਰਥੀਆਂ ਦੇ ਸ਼ੁਰੂਆਤ ਵਿਚ ਹੀ ਟੀਚੇ ਸਪਸ਼ਟ ਕਰ ਦੇਣੇ ਚਾਹੀਦੇ ਹਨ। ਸੰਖੇਪ ਨਿਰਦੇਸ਼ਨ ਅਤੇ ਸਪਸ਼ਟ ਟੀਚੇ ਵਿਦਿਆਰਥੀਆਂ ਨੂੰ ਉਤਸਾਹਿਤ ਕਰਦੇ ਹਨ ਅਤੇ ਉਨ੍ਹਾਂ ਦੀ ਉਲਝਣ ਦੂਰ ਕਰਦੇ ਹਨ।
3. ਲੋੜੀਂਦੇ ਵੇਰਵੇ ਮੁਹਇਆਂ ਕਰਵਾਉਣਾ : ਅਧਿਆਪਨ ਦੇ ਦੌਰਾਨ ਵਿਦਿਆਰਥੀਆਂ ਨੂੰ ਲੋੜੀਂਦੇ ਵੇਰਵੇ ਅਤੇ ਜਾਣਕਾਰੀ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ। ਅਧਿਆਪਕ ਆਪਣੇ ਵਿਸ਼ੇ ਦਾ ਮਾਹਰ ਹੋਣਾ ਚਾਹੀਦਾ ਹੈ ਤਾਂ ਜੋ ਜਮਾਤ ਵਿਚ ਆਪਸੀ ਗਲਬਾਤ ਦੌਰਾਨ ਵਿਦਿਆਰਥੀਆਂ ਦੀ ਗਿਆਨਾਤਮਕ ਲੋੜਾਂ ਦੀ ਪੂਰਤੀ ਹੋ ਸਕੇ।
4. ਜਮਾਤ ਵਿਚ ਚਰਚਾ ਦੌਰਾਨ ਅਧਿਆਪਕ ਨੂੰ ਸਵਾਲ ਪਹਿਲਾਂ ਤੋਂ ਹੀ ਤਿਆਰ ਕਰ ਲੈਣੇ ਚਾਹੀਦੇ ਹਨ ਅਤੇ ਇਕ-ਇਕ ਕਰਕੇ ਸਵਾਲ ਪੁਛਣੇ ਚਾਹੀਦੇ ਹਨ। ਹਰੇਕ ਵਿਦਿਆਰਥੀ ਦੇ ਵਿਚਾਰ ਧਿਆਨ ਨਾਲ ਸੁਣਨੇ ਚਾਹੀਦੇ ਹਨ ਅਤੇ ਕਿਸੇ ਵਿਦਿਆਰਥੀ ਨੂੰ ਚਰਚਾ ਦੌਰਾਨ ਬਾਕੀ ਵਿਦਿਆਰਥੀਆਂ ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ ਹੈ। ਸਾਰੇ ਵਿਦਿਆਰਥੀਆਂ ਨੂੰ ਵੀ ਸਵਾਲ ਪੁੱਛਣ ਦਾ ਮੌਕਾ ਦੇਣਾ ਜ਼ਰੂਰੀ ਹੈ।
5. ਸਾਮੂਹਿਕ ਅਧਿਆਪਨ ਸ਼ੈਲੀ ਦੌਰਾਨ ਵਿਦਿਆਰਥੀਆਂ ਨੂੰ ਖੋਜ ਸਬੰਧੀ ਪ੍ਰੋਜੈਕਟ ਨਿਰਧਾਰਤ ਕਰਨਾ, ਜਾਂ ਸਮੂਹ (ਟੀਮ) ਪ੍ਰੋਜੈਕਟ ਨਿਰਧਾਰਤ ਕਰਨ ਨਾਲ ਵਿਦਿਆਰਥੀਆਂ ਵਿਚ ਸਵੈ-ਸਿੱਖਣ ਦੇ ਹੁਨਰ ਦਾ ਅਤੇ ਤਰਕਸ਼ਕਤੀ ਦਾ ਵਿਕਾਸ ਹੁੰਦਾ ਹੈ।
6. ਇੰਟਰਐਕਟਿਵ ਜਮਾਤਾਂ : ਅੱਜ ਦੇ ਸਮੇਂ ਵਿੱਚ ਵੀਡਿਓ ਕਾਨੰਫਰੈਂਸਿੰਗ, ਲੈਪਟਾੱਪ ਅਤੇ ਟੈਬਲੈਟਾਂ ਆਦਿ ਵੀ ਜਮਾਤ ਵਿਚ ਅਧਿਆਪਨ ਸ਼ੈਲੀ ਵਿਚ ਸਹਾਇਕ ਹੁੰਦੇ ਹਨ। ਇਨ੍ਹਾਂ ਤਕਨੀਕਾਂ ਰਾਹੀਂ ਅਧਿਆਪਕ ਵਿਦਿਆਰਥੀਆਂ ਦੁਆਰਾ ਸਿੱਖੀ ਗਈ ਜਾਣਕਾਰੀ ਅਤੇ ਗਿਆਨ ਦਾ ਨਾਲ-ਨਾਲ ਹੀ ਮੁਲਾਂਕਣ ਕਰ ਸਕਦੇ ਹਨ।
7. ਕਿਰਿਆਤਮਕ ਅਧਿਆਪਨ ਤਰੀਕੇ - 21ਵੀਂ ਸਦੀ ਵਿਚ ਅਧਿਆਪਨ ਦੇ ਤਰੀਕੇ ਸਮੂਹ ਕੇਂਦਰਿਤ ਅਤੇ ਪੜਤਾਲ ਤੇ ਅਧਾਰਿਤ ਹੋਣੇ ਚਾਹੀਦੇ ਹਨ। ਵੱਖ-ਵੱਖ ਅਧਿਆਪਨ ਸ਼ੈਲਿਆਂ (ਜਿਵੇਂ ਕਿ ਕੋਚਿੰਗ, ਚਰਚਾ,

ਪ੍ਰੋਜੈਕਟ ਵਿਧੀ ਜਿਨ੍ਹਾਂ ਵਿਚ ਵਿਦਿਆਰਥੀਆਂ ਦੀ ਭਾਗੀਦਾਰੀ ਵਧੇਰੀ ਹੋਵੇ) ਦੇ ਨਾਲ ਇਕ ਮਿਸ਼੍ਰਿਤ ਅਧਿਆਪਨ ਸ਼ੈਲੀ ਹੀ 21ਵੀਂ ਸਦੀ ਦੀਆਂ ਜਮਾਤਾਂ ਲਈ ਸਫ਼ਲ ਹੋਵੇਗੀ।

8. ਗਿਆਨ ਅਤੇ ਸੂਚਨਾ ਦੇ ਅੰਤਰ ਨੂੰ ਸਮਝਣਾ - ਭਾਸ਼ਣ ਸ਼ੈਲੀ ਵਿਚ ਬੱਚਾ ਅਧਿਆਪਕ ਦੁਆਰਾ ਦਿੱਤੀ ਗਈ ਸੂਚਨਾ ਨੂੰ ਲਿਖਦਾ ਹੈ ਅਤੇ ਰੱਟਾ ਲਗਾਉਂਦਾ ਹੈ ਜਿਸ ਕਰਕੇ ਉਹ ਜਮਾਤ ਵਿਚਲੀ ਅੰਤਰਕ੍ਰਿਆ ਵਿਚ ਜਲਦ ਹੀ ਆਪਣੀ ਰੁਚੀ ਖੋ ਦਿੰਦਾ ਹੈ। ਜਦ ਕਿ ਗਿਆਨ ਦਾ ਅਰਥ ਹੈ ਕਿਸੇ ਵੀ ਵਿਸ਼ੇ ਨੂੰ ਚੰਗੀ ਤਰ੍ਹਾਂ ਡੂੰਗਿਆਈ ਨਾਲ ਸਮਝਣਾ ਅਤੇ ਉਸ ਵਿਸ਼ੇ ਵਿਚ ਮਹਾਰਤ ਹਾਸਿਲ ਕਰਨਾ। ਇਸ ਲਈ ਕਿਸੇ ਇਕ ਅਧਿਆਪਨ ਤਰੀਕੇ ਨਾਲ ਨਾ ਪੜ੍ਹਾਂਦੇ ਹੋਏ ਅਧਿਆਪਕ ਨੂੰ ਵੱਖ-ਵੱਖ ਸ਼ੈਲੀਆਂ ਦੁਆਰਾ ਪੜ੍ਹਾਉਣਾ ਚਾਹੀਦਾ ਹੈ ਜਿਨ੍ਹਾਂ ਵਿਚ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਸਮੂਲਿਅਤ ਹੋਵੇ ਅਤੇ ਉਨ੍ਹਾਂ ਨੂੰ ਸਮੂਹ ਵਿਚ ਕੰਮ ਕਰਕੇ ਸਿੱਖਣ ਦਾ ਹੁਨਰ ਵੀ ਆਵੇ। ਇਹ ਤਰੀਕਾ ਵਿਦਿਆਰਥੀਆਂ ਨੂੰ ਸਵੈ-ਸਿੱਖਣ ਲਈ ਪ੍ਰੇਰਿਤ ਕਰਦਾ ਹੈ।

9. ਪ੍ਰਭਾਵਸ਼ਾਲੀ ਅਧਿਆਪਨ ਅਤੇ ਪ੍ਰਭਾਵਸਾਲੀ ਅਧਿਆਪਕ - ਪ੍ਰਭਾਵਸ਼ਾਲੀ ਅਧਿਆਪਕ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਜਮਾਤ ਵਿਚ ਪੜ੍ਹਾ ਸਕਦਾ ਹੈ। ਪ੍ਰਭਾਵਸ਼ਾਲੀ ਅਧਿਆਪਕ ਉੱਚੇ ਸ਼ਖ਼ਸੀਅਤ ਦਾ ਮਾਲਿਕ ਹੋਣ ਦੇ ਨਾਲ-ਨਾਲ ਆਪਣੇ ਵਿਸ਼ੇ ਦਾ ਮਾਹਿਰ ਵੀ ਹੁੰਦਾ ਹੈ। ਉਹ ਜਮਾਤ ਦੇ ਸਾਰੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਪੜ੍ਹਾਉਂਦਾ ਹੈ। ਉਹ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਜਜ਼ਬਾਤੀ ਮਦਦ ਵੀ ਕਰਦਾ ਹੈ ਅਤੇ ਉਨ੍ਹਾਂ ਦਾ ਧਿਆਨ ਵੀ ਰੱਖਦਾ ਹੈ। ਇਸ ਦੇ ਨਾਲ-ਨਾਲ ਉਹ ਵਿਦਿਆਰਥੀਆਂ ਤੋਂ ਚੰਗੇ ਵਿਵਹਾਰ ਕਰਨ ਅਤੇ ਅਕਾਦਮਿਕ ਕੰਮਾਂ ਵਿਚ ਚੰਗਾ ਪ੍ਰਦਰਸ਼ਨ ਕਰਨ ਦੀ ਉਮੀਦ ਵੀ ਰਖਦਾ ਹੈ।

10. ਅਧਿਕਾਰ ਪੂਰਣ (Authoritarian) ਅਧਿਆਪਕ ਅਤੇ ਅਧਿਆਪਨ ਤਰੀਕਾ - ਇਸ ਸ਼੍ਰੇਣੀ ਦੇ ਅਧਿਆਪਕ ਜਮਾਤ ਵਿਚ ਕਿਸੇ ਵੀ ਤਰ੍ਹਾ ਦਾ ਗਲਤ ਵਿਵਹਾਰ ਸਵੀਕਾਰ ਨਹੀਂ ਕਰਦੇ ਅਤੇ ਬੱਚਿਆਂ ਦਾ ਧਿਆਨ ਆਪਣੇ ਵੱਲ ਕੇਂਦ੍ਰਿਤ ਕਰਨ ਲਈ ਉੱਚੀ ਆਵਾਜ਼ ਦੀ ਵਰਤੋਂ ਵੀ ਕਰਦੇ ਹਨ। ਇਸ ਅਧਿਆਪਨ ਸ਼ੈਲੀ ਦੀ ਵਰਤੋਂ ਕਰਨ ਵਾਲੇ ਅਧਿਆਪਕ ਵਿਦਿਆਰਥੀਆਂ ਦੇ ਵਿਵਹਾਰ ਵਿਚ ਬਹੁਤ ਹੀ ਘੱਟ ਸਕਾਰਾਤਮਕ ਬਦਲਾਅ ਲਿਆਣ ਦੇ ਯੋਗ ਹੁੰਦੇ ਹਨ। ਵਿਦਿਆਰਥੀ ਇਨ੍ਹਾਂ ਅਧਿਆਪਕਾਂ ਤੋਂ ਡਰਦੇ ਹਨ ਅਤੇ ਉਨ੍ਹਾਂ ਦੁਆਰਾ ਪੜ੍ਹਾਏ ਜਾ ਰਹੇ ਵਿਸ਼ੇ ਵਿਚ ਬਹੁਤ ਹੀ ਘੱਟ ਰੁਚੀ ਲੈਂਦੇ ਹਨ।

11. ਅਲਗਾਓ ਅਧਿਆਪਕ ਅਤੇ ਅਧਿਆਪਨ ਤਰੀਕਾ - ਇਸ ਸ਼੍ਰੇਣੀ ਦੇ ਅਧਿਆਪਕ ਨਾਂ ਹੀ ਬਹੁਤੇ ਅਨੁਸ਼ਾਸਿਤ ਹੁੰਦੇ ਹਨ ਤੇ ਨਾ ਹੀ ਇਹ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਵਿਵਹਾਰਿਕ ਸੀਮਾਵਾਂ ਹੀ ਦੱਸਦੇ ਹਨ। ਇਹ ਅਧਿਆਪਨ ਅਤੇ ਵਿਦਿਆਰਥੀਆਂ ਨੂੰ ਬਹੁਤੀ ਮਹੱਤਤਾ ਨਹੀਂ ਦਿੰਦੇ। ਵਿਦਿਆਰਥੀ ਆਪਣੇ ਆਪ ਨੂੰ ਇੰਨ੍ਹਾਂ ਦੀ ਜਮਾਤ ਵਿਚ ਵੱਖਰਾ ਅਤੇ ਅਣਲੋੜੀਂਦਾ ਮਹਿਸੂਸ ਕਰਦੇ ਹਨ।

12. ਅਨੁਸ਼ਾਸਨ ਬੱਧ ਅਤੇ ਯੋਜਨਾਬੱਧ - ਅਧਿਆਪਕ ਅਤੇ ਅਧਿਆਪਨ ਸ਼ੈਲੀ - ਇਸ ਸ਼੍ਰੇਣੀ ਦਾ ਅਧਿਆਪਕ ਇਕ ਆਦਰਸ਼ ਹੁੰਦਾ ਹੈ। ਉਸ ਦਾ ਵਿਦਿਆਰਥੀਆਂ ਨਾਲ ਸਕਾਰਾਤਮਕ, ਦਿਆਲੂ ਅਤੇ ਸਹਾਇਕ ਸਬੰਧ ਹੁੰਦਾ ਹੈ। ਉਸ ਦੀ ਜਮਾਤ ਪ੍ਰਭਾਵਸ਼ਾਲੀ ਅਤੇ ਅਨੁਸ਼ਾਸਿਤ ਹੁੰਦੀ ਹੈ ਅਤੇ ਬੱਚੇ ਵੀ ਉਸ ਦਾ ਕਹਿਣਾ ਮੰਨਦੇ ਹਨ ਉਸ ਤੇ ਵਿਸ਼ਵਾਸ ਕਰਦੇ ਹਨ ਅਤੇ ਉਸ ਦਾ ਸਨਮਾਨ ਕਰਦੇ ਹਨ। ਜਮਾਤ ਵਿਚ ਪੜ੍ਹਾਈ ਦਾ ਵਧੀਆ ਮਾਹੌਲ ਹੁੰਦਾ ਹੈ, ਬੱਚਿਆਂ ਦਾ ਵਿਕਾਸ ਸਕਾਰਾਤਮਕ ਹੁੰਦਾ ਹੈ ਅਤੇ ਬੱਚੇ ਆਪਣੇ ਆਪ ਨੂੰ ਯੋਗ ਸਮਝਦੇ ਹਨ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਧਿਆਪਨ ਦੇ ਤਰੀਕੇ ਅਧਿਆਪਕ ਦੀ ਸ਼ਖ਼ਸੀਅਤ ਦਾ ਵਖਾਨ ਕਰਦੇ ਹਨ। ਵਿਦਿਆਰਥੀਆਂ ਦਾ ਮਨੋਰੰਜਨ ਕਰਨਾ ਅਧਿਆਪਕ ਦਾ ਕੰਮ ਨਹੀਂ ਹੈ ਬਲਕਿ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸਿੱਖਣ ਦੀ ਪ੍ਰਕਿਰਿਆ ਵਿਚ ਮਸ਼ਰੂਫ ਕੀਤਾ ਜਾਵੇ। ਇਕ ਚੰਗੀ ਅਧਿਆਪਨ ਸ਼ੈਲੀ ਦਾ

ਚੁਨਾਓ ਕਰਨ ਵੇਲੇ ਅਧਿਆਪਕ ਨੂੰ ਵੱਖ-ਵੱਖ ਤਰ੍ਹਾਂ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ, ਆਪਣੀ ਤਾਕਤਾਂ ਅਤੇ ਕਮਜ਼ੋਰਿਆਂ ਨੂੰ ਅਤੇ ਪਾਠਕ੍ਰਮ ਦੀ ਮੰਗ ਨੂੰ ਧਿਆਨ ਵਿਚ ਰਖਣਾ ਚਾਹੀਦਾ ਹੈ, ਤਾਂ ਜੋ ਉਹ ਆਪਣੇ ਅਧਿਆਪਨ ਦੇ ਤਰੀਕੇ ਦੀ ਵਰਤੋਂ ਜਮਾਤ ਵਿਚ ਪ੍ਰਭਾਵਸ਼ਾਲੀ ਪ੍ਰਬੰਧ ਬਣਾਉਣ ਵਿਚ ਕਰ ਸਕੇ।

Parker Palmer ਦੇ ਸ਼ਬਦਾਂ ਵਿਚ, "Good teachers join self, subject and students in the fabric of life."

**ਛੋਟੇ ਉੱਤਰਾਂ ਵਾਲੇ ਪ੍ਰਸ਼ਨ :**

1. ਭਾਸ਼ਣ ਸ਼ੈਲੀ ਦੀ ਮੁੱਖ ਫੀਚਰ ਲਿਖੋ।
2. ਕਿਰਿਆਤਮਕ ਅਧਿਆਪਨ ਦੀ ਵਿਆਖਿਆ ਕਰੋ।
3. ਮਿਸ਼੍ਰਿਤ ਅਤੇ ਭਾਸ਼ਣ ਸ਼ੈਲੀ ਵਿਚਕਾਰ ਅੰਤਰ ਸਪਸ਼ਟ ਕਰੋ।

**2.1.6 ਸਾਰਾਂਸ :**

ਪ੍ਰਭਾਵਸ਼ਾਲੀ ਅਧਿਆਪਕ ਵੱਖ-ਵੱਖ ਤਰ੍ਹਾਂ ਦੇ ਅਧਿਆਪਨ ਤਰੀਕੇ ਵਰਤਦੇ ਹਨ। ਉਹ ਵਿਸ਼ੇਸ਼ ਵਿਸ਼ੇ ਲਈ, ਵਿਸ਼ੇਸ਼ ਸਥਿਤੀ ਲਈ ਇਕ ਵਧੀਆ ਅਤੇ ਠੀਕ ਤਰੀਕੇ ਦਾ ਚੁਣਾਅ ਕਰਦੇ ਹਨ। ਅਧਿਆਪਨ ਸ਼ੈਲੀਆਂ ਦੀ ਕਈ ਕਿਸਮਾਂ ਹਨ। ਜਿਵੇਂ ਕਿ ਅਧਿਆਪਕ ਕੇਂਦਰਿਤ ਅਤੇ ਵਿਦਿਆਰਥੀ ਕੇਂਦਰਿਤ ਅਧਿਆਪਨ ਸ਼ੈਲੀਆਂ, ਇਸ ਤੋਂ ਇਲਾਵਾ ਅਧਿਆਪਨ ਸ਼ੈਲੀਆਂ ਦੀ 5 ਹੋਰ ਕਿਸਮਾਂ ਨੇ - (i) ਭਾਸ਼ਣ ਸ਼ੈਲੀ, (ii) ਕੋਚ ਸ਼ੈਲੀ, (iii) ਕਿਰਿਆ ਸ਼ੈਲੀ, (iv) ਸਮੂਹ ਸ਼ੈਲੀ ਅਤੇ (v) ਮਿਸ਼੍ਰਿਤ ਸ਼ੈਲੀ। ਪੀ.ਬੀ. ਖਾਰਨਟਨ ਨੇ ਵੀ ਅਧਿਆਪਨ ਸ਼ੈਲੀ ਦੀਆਂ ਤਿੰਨ ਕਿਸਮਾਂ ਦੀ ਚਰਚਾ ਕੀਤੀ ਹੈ। (i) ਦਿਸ਼ਾ-ਨਿਰਦੇਸ਼ਨ (Direction) (ii) ਚਰਚਾ (Discussion) (iii) ਡੈਲੀਗੇਸ਼ਨ (Delegation)।

**2.1.7 ਮੁੱਖ ਸੰਕਲਪ :**

(1) ਅਧਿਆਪਨ ਸ਼ੈਲੀ - ਇਕ ਜ਼ਰੀਆ ਜਿਸ ਦੇ ਦੁਆਰਾ ਇਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਇਕ ਖ਼ਾਸ ਤਰੀਕੇ ਰਾਹੀਂ ਪੜ੍ਹਾਉਂਦਾ ਹੈ।

(2) ਭਾਸ਼ਣ ਵਿਧੀ - ਇਹ ਅਧਿਆਪਕ ਕੇਂਦਰਿਤ ਸ਼ੈਲੀ ਹੈ ਜਿਸ ਵਿਚ ਅਧਿਆਪਕ ਲੰਬੇ ਸਮੇਂ ਤੱਕ ਜਮਾਤ ਵਿਚ ਭਾਸ਼ਣ ਦਿੰਦਾ ਹੈ।

(3) ਕੋਚਿੰਗ ਸਟਾਇਲ - ਇਸ ਅਧਿਆਪਨ ਸ਼ੈਲੀ ਵਿਚ ਅਧਿਆਪਕ ਜੋ ਕੁਝ ਪ੍ਰਕ੍ਰਿਆ ਵਿਦਿਆਰਥੀਆਂ ਨੂੰ ਸਿੱਖਾਉਣਾ ਚਾਹੁੰਦਾ ਹੈ, ਉਹ ਪਹਿਲਾਂ ਆਮ ਕਰਕੇ ਵਿਖਾਉਂਦਾ ਹੈ (Demonstration)।

(4) ਸਮੂਹ ਸ਼ੈਲੀ - ਇਹ ਸਮੂਹ ਵਿਚ ਕੰਮ ਕਰਨ ਦੀ ਯੋਗਤਾ ਨੂੰ ਤਰਜੀਹ ਦਿੰਦੀ ਹੈ।

(5) ਮਿਸ਼੍ਰਿਤ ਸ਼ੈਲੀ - ਇਹ ਵੱਖ-ਵੱਖ ਅਧਿਆਪਨ ਤਰੀਕਿਆਂ ਦਾ ਸੰਗਠਨ ਹੈ।

**2.1.8 ਸੁਝਾਏ ਪ੍ਰਸ਼ਨ :**

(1) ਅਧਿਆਪਨ ਸਟਾਇਲ ਦੀ ਪਰਿਭਾਸ਼ਾ ਦਿਉ ਅਤੇ ਇਨ੍ਹਾਂ ਦੀ ਅਧਿਆਪਕ ਲਈ ਮਹੱਤਤਾ ਬਾਰੇ ਵਿਸਥਾਰਪੂਰਵਕ ਲਿਖੋ।

(2) ਵੱਖ-ਵੱਖ ਸਿੱਖਿਆ ਵਿਦਵਾਨਾਂ ਦੁਆਰਾ ਦਿੱਤੇ ਗਏ ਅਧਿਆਪਨ ਤਰੀਕਿਆਂ ਦੇ ਵਰਗੀਕਰਣ ਬਾਰੇ ਚਰਚਾ ਕਰੋ।

**2.1.9 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ :**


1. ਟੀ.ਆਰ. ਸ਼ਰਮਾ - ਸਿੱਖਿਆ ਤਕਨਾਲੋਜੀ
2. ਆਰ.ਏ. ਸ਼ਰਮਾ - ਟੈਕਨਾਲੋਜੀ ਆਫ਼ ਟੀਚਿੰਗ
3. ਆਗਿਆ ਜੀਤ ਸਿੰਘ - ਅਧਿਆਪਨ-ਸਿੱਖਣ ਪ੍ਰਕ੍ਰਿਆ

4. ਐਸ. ਐਸ. ਚੋਹਾਨ – Innovations In Teaching-learning process.

***Web-Sources*** :

1. edutechwiki.unige.ch/en/.
2. parentmagic.com.
3. crlt.umich.edu/tstrategies/tsts.

**2.1.10 ਸਵੈ-ਸਿੱਖਣ ਅਭਿਆਸ :**

ਖਾਲੀ ਥਾਵਾਂ ਭਰੋ :

1. .............. ਨਿਰਦੇਸ਼ਨ ਅਤੇ ............... ਟੀਚੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੇ ਹਨ।
2. ................ ਜਮਾਤਾਂ ਵਿਚ ਲੈਪਟਾੱਪ, ਟੈਬਲੇਟਾਂ ਅਤੇ ਵੀਡਿਓ-ਕਾਨਫਰੈਂਸਿੰਗ ਦੀ ਵਰਤੋਂ ਕੀਤੀ ਜਾਂਦੀ ਹੈ।
3. ਅਧਿਆਪਕ ਦੁਆਰਾ ਜਮਾਤ ਵਿਚ ਚਰਚਾ ਦੌਰਾਨ ਵਿਦਿਆਰਥੀਆਂ ਨੂੰ ਲੋੜੀਂਦੇ ........... ਅਤੇ .......... ਮੁਹਇਆ ਕਰਵਾਉਣੇ ਚਾਹੀਦੇ ਹਨ।
4. ................ ਅਧਿਆਪਨ ਸ਼ੈਲੀ ਦੁਆਰਾ ............. ਸਿੱਖਣ ਦਾ ਹੁਨਰ ਵਿਕਸਿਤ ਹੁੰਦਾ ਹੈ।
5. ਅਲਗਾਉ ਅਧਿਆਪਕ ਬਹੁਤੇ .............. ਨਹੀਂ ਹੁੰਦੇ।

ਉੱਤਰ : (1) ਨਿਰਦੇਸ਼ਨ, ਸਪਸ਼ਟ, (2) ਇੰਟਰਐਕਟਿਵ, (3) ਵੇਰਵੇ ਅਤੇ ਜਾਣਕਾਰੀ, (4) ਸਾਮੂਹਿਕ, ਸਵੈ, (5) ਅਨੁਸ਼ਾਸਿਤ

ਪਾਠ ਨੰ: 2.2 ਲੇਖਿਕਾ: ਡਾ. ਅਮੀਤਾ ਕਾਯਸਥਾ

# ਸਿੱਖਣ ਦੇ ਢੰਗ/ਤਰੀਕੇ - ਅਰਥ, ਸੰਕਲਪ ਅਤੇ ਇਨ੍ਹਾਂ ਦੀ ਜਮਾਤ ਦੇ ਵਾਤਾਵਰਣ ਵਿਚ ਉਪਯੋਗਤਾ

ਬਣਤਰ

2.2.1 ਉਦੇਸ਼
2.2.2 ਭੂਮਿਕਾ
2.2.3 ਸਿੱਖਣ ਦੇ ਢੰਗ ਦਾ ਅਰਥ ਅਤੇ ਪਰਿਭਾਸ਼ਾਵਾਂ
2.2.4 ਸਿੱਖਣ ਦੇ ਢੰਗ ਦਾ ਸੰਕਲਪ
2.2.4.1 ਸਿੱਖਣ ਸਟਾਇਲ ਦੀਆਂ ਕਿਸਮਾਂ
2.2.4.2 ਸਿੱਖਣ ਸਟਾਇਲ ਦਾ ਵਰਗੀਕਰਣ
2.2.5 ਜਮਾਤ ਦੇ ਅਧਿਆਪਨ ਵਿਚ ਸਿੱਖਣ ਸਟਾਇਲ ਦੇ ਪ੍ਰਭਾਵ
2.2.6 ਸਾਰਾਂਸ਼
2.2.7 ਮੁੱਖ ਸੰਕਲਪ
2.2.8 ਸੁਝਾਏ ਪ੍ਰਸ਼ਨ
2.2.9 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ
2.2.10 ਸਵੈ-ਮੁਲਾਂਕਣ ਅਭਿਆਸ

## 2.2.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ

1. ਸਿੱਖਣ ਦੇ ਢੰਗ ਦਾ ਅਰਥ ਸਮਝਣ ਦੇ ਯੋਗ ਹੋਣਗੇ।
2. ਸਿੱਖਣ ਦੇ ਢੰਗ ਦੀ ਪਰਿਭਾਸ਼ਾ ਦੱਸਣ ਦੇ ਯੋਗ ਹੋਣਗੇ।
3. ਸਿੱਖਣ ਦੇ ਢੰਗ ਦੀ ਕਿਸਮਾਂ ਬਾਰੇ ਚਰਚਾ ਕਰ ਸਕਣਗੇ।
4. ਵੱਖ-ਵੱਖ ਸਿੱਖਣ ਦੇ ਢੰਗਾਂ ਵਿਚਕਾਰ ਅੰਤਰ ਦਸ ਸਕਣਗੇ।
5. ਆਪਣੇ ਵਿਦਿਆਰਥੀਆਂ ਦੇ ਸਿੱਖਣ ਦੇ ਵੱਖ-ਵੱਖ ਢੰਗਾਂ ਤੋਂ ਜਾਣੂ ਹੋਣਗੇ।
6. ਵੱਖ-ਵੱਖ ਸਿੱਖਣ ਦੇ ਢੰਗਾਂ ਦੀ ਜਮਾਤ ਦੇ ਵਾਤਾਵਰਣ ਵਿਚ ਵਰਤੋਂ ਨੂੰ ਸਮਝ ਸਕਣਗੇ।
7. ਵਿਭਿੰਨ ਸਿੱਖਣ ਤਰੀਕਿਆਂ ਦੇ ਅਨੁਸਾਰ ਜਮਾਤ ਵਿਚ ਆਪਣੇ ਅਧਿਆਪਨ ਦਾ ਸੰਚਾਲਨ ਕਰਨ ਦੇ ਯੋਗ ਬਣਨਗੇ।

## 2.2.2 ਭੂਮਿਕਾ :

ਪਰੰਪਰਾਗਤ ਜਮਾਤਾਂ ਦਾ ਮਾਹੌਲ ਪੜ੍ਹਨ ਨੂੰ ਤਰਜੀਹ ਦਿੰਦਾ ਹੈ ਜਦਕਿ ਅਜ ਦੇ ਸਮੇਂ ਵਿਚ ਸਿਖਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਹ ਇਕ ਬਹੁਤ ਹੀ ਸਕਾਰਾਤਮਕ ਬਦਲਾਅ ਹੈ, ਜਿਸ ਵਿਚ ਸਿੱਖਿਆ ਦੇ ਖੇਤਰ ਨੂੰ ਸੁਧਾਰਨ ਲਈ ਸਿੱਖਿਆਰਥੀ ਦੇ ਸਿੱਖਣ ਦੇ ਤਰੀਕਿਆ ਨੂੰ ਮਹੱਤਤਾ ਦਿੱਤੀ ਜਾ ਰਹੀ ਹੈ। ਵਿਦਿਆਰਥੀਆਂ ਦੇ ਵੱਖ-ਵੱਖ ਸਿੱਖਣ ਦੇ ਤਰੀਕਿਆਂ ਦੇ ਅਨੁਸਾਰ ਹੀ ਉਨ੍ਹਾਂ ਨੂੰ ਸਿਖਾਉਣਾ ਅਤੇ ਸਲਾਹ ਦੇਣਾ ਸਿੱਖਿਆ ਦੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿਚ ਸਹਾਈ ਹੋਵੇਗਾ ਅਤੇ ਵਿਦਿਆਰਥੀ ਦੇ ਵਿਵਹਾਰ ਵਿਚ ਲੋੜੀਂਦੀ

ਤਬਦੀਲੀ ਆਵੇਗੀ। ਸਿੱਖਣ ਦੇ ਤਰੀਕਿਆਂ ਦਾ ਗਿਆਨ ਹੋਣ ਨਾਲ ਨਾ ਕੇਵਲ ਅਧਿਆਪਕ ਆਪਣੇ ਅਧਿਆਪਨ ਨੂੰ ਆਕਾਰ ਦਿੰਦਾ ਹੈ ਬਲਕਿ ਸਕੂਲ ਦੇ ਵੱਡੇ ਅਧਿਕਾਰਿਆਂ ਅਤੇ ਹੋਰ ਮੈਂਬਰਾਂ ਨੂੰ ਵੀ ਡੂੰਘਿਆਈ ਨਾਲ ਵਿਦਿਆਰਥੀਆਂ ਦੇ ਹਿਤ ਲਈ ਉਨ੍ਹਾਂ ਦੀ ਭੂਮਿਕਾ ਨੂੰ ਚੰਗੀ ਤਰ੍ਹਾਂ ਨਿਭਾਉਣ ਵਿਚ ਮਦਦ ਕਰਦਾ ਹੈ। ਇਸ ਪਾਠ ਵਿਚ ਅਸੀਂ ਸਿੱਖਣ ਦੇ ਵੱਖ-ਵੱਖ ਤਰੀਕਿਆਂ ਅਤੇ ਉਨ੍ਹਾਂ ਦੀ ਜਮਾਤ ਦੇ ਵਾਤਾਵਰਣ ਵਿਚ ਵਰਤੋਂ ਬਾਰੇ ਚਰਚਾ ਕਰਾਂਗੇ।

2.2.3 **ਸਿੱਖਣ ਤਰੀਕਿਆਂ/ਢੰਗਾਂ ਦਾ ਅਰਥ ਅਤੇ ਪਰਿਭਾਸ਼ਾਵਾਂ :**

ਵਿਦਿਆਰਥੀ ਕਿਸ ਤਰ੍ਹਾਂ ਸਿੱਖਦਾ ਹੈ ? ਅਧਿਆਪਕ ਕਿਸ ਤਰ੍ਹਾਂ ਪੜ੍ਹਾਉਂਦਾ ਹੈ? ਅਤੇ ਦੋਵੇਂ ਕਿਸ ਤਰ੍ਹਾਂ ਪਰਸਪਰ ਗਲਬਾਤ ਕਰਦੇ ਹਨ ਇਨ੍ਹਾਂ ਸਾਰੀਆਂ ਕਿਰਿਆਵਾਂ ਨੂੰ ਸਟਾਇਲ ਜਾਂ ਢੰਗ ਪ੍ਰਭਾਵਿਤ ਕਰਦਾ ਹੈ। ਹਰ ਵਿਅਕਤੀ ਕਿਸੇ ਖਾਸ ਸਟਾਇਲ ਲਈ ਕੁਝ ਬਿਰਤੀ ਨਾਲ ਪੈਦਾ ਹੋਇਆ ਹੈ, ਪਰ ਇਹ ਜਮਾਂਦਰੂ ਜਾਂ ਵਿਰਸੇ ਗੁਣ, ਸਭਿਆਚਾਰ, ਨਿੱਜੀ ਅਨੁਭਵ, ਪਰਿਪੱਕਤਾ ਦਾ ਪੱਧਰ ਅਤੇ ਵਿਕਾਸ ਦੁਆਰਾ ਪ੍ਰਭਾਵਿਤ ਹੁੰਦੇ ਹਨ।

ਸਿੱਖਣ ਸ਼ੈਲੀ ਦੀਆਂ ਪਰਿਭਾਸ਼ਾਵਾਂ :

1. ਕੈਫੇ ਦੇ ਅਨੁਸਾਰ - ਸਿੱਖਣ ਸ਼ੈਲੀ ਬੋਧਾਤਮਕ, ਭਾਵਨਾਤਮਕ ਅਤੇ ਸਰੀਰਕ ਕਾਰਕਾ ਦਾ ਸੰਗਠਨ ਹੈ ਜਿਹੜਾ ਕਿ ਇਕ ਸਥਿਰ ਸੂਚਕ ਵਾਂਗ ਇਹ ਦਸਦਾ ਹੈ ਕਿ ਸਿੱਖਿਆਰਥੀ ਕਿਸ ਤਰ੍ਹਾਂ ਪ੍ਰਤਖ ਗਿਆਨ ਲੈਂਦਾ ਹੈ, ਗਲਬਾਤ ਕਰਦਾ ਹੈ ਅਤੇ ਕਿਸ ਤਰ੍ਹਾਂ ਸਿੱਖਣ ਦੇ ਮਾਹੌਲ ਪ੍ਰਤਿ ਅਨੁਕ੍ਰਿਆ ਦਿੰਦਾ ਹੈ।
2. ਸਟੀਵਾਰਟ ਅਤੇ ਫੈਲੀਸਿਟੀ ਦੇ ਅਨੁਸਾਰ, ਸਿੱਖਣ ਸ਼ੈਲੀ ਉਹ ਵਿਦਿਅਕ ਹਾਲਾਤ ਨੇ ਜਿਸ ਦੇ ਤਹਿਤ ਇਕ ਵਿਦਿਆਰਥੀ ਸਿੱਖਦਾ ਹੈ। Learning style are those educational conditions under which a student is most likely to learn.
3. ਇਰਵੀਨ ਅਤੇ ਯੋਕ ਦੇ ਅਨੁਸਾਰ- ਸਿੱਖਣ ਦੇ ਸਟਾਇਲ ਦੀ ਪਰਿਭਾਸ਼ਾ ਇਕ ਵਿਦਿਆਰਥੀ ਦੀ ਸਿੱਖਣ ਸ਼ੈਲੀ ਜੇ ਧਿਆਨ ਦਿੱਤਾ ਜਾਵੇ ਤਾਂ ਨਤੀਜੇ ਵੱਜੋਂ ਉਨ੍ਹਾਂ ਦਾ ਸਿੱਖਣ ਪ੍ਰਤਿ ਰਵੱਇਆ ਸੁਧਰ ਸਕਦਾ ਹੈ ਅਤੇ ਉਨ੍ਹਾਂ ਦੇ ਸੋਚ ਦੇ ਹੁਨਰ, ਅਕਾਦਮਿਕ ਪ੍ਰਾਪਤੀ ਅਤੇ ਰਚਨਾਤਮਕਤਾ ਵਿਚ ਵਾਧਾ ਹੋ ਸਕਦਾ ਹੈ।
4. ਸਿੱਖਣ ਸ਼ੈਲੀ ਇਕ ਵਿਅਕਤੀ ਦੀ, ਤਾਕਤਾਂ, ਕਮਜ਼ੋਰਿਆਂ ਅਤੇ ਪਸੰਦ ਦੇ ਆਧਾਰ ਤੇ ਬਣੀ ਸਿੱਖਣ ਦੀ ਇਕ ਵਿਲੱਖਣ ਪਹੁੰਚ ਹੈ।
5. ਸਿੱਖਣ ਸ਼ੈਲੀ, ਗਿਆਨ ਅਰਜਿਤ ਕਰਨ ਲਈ ਇਕ ਵਿਅਕਤੀ ਦਾ ਵਧੀਆ ਅਤੇ ਪਸੰਦੀਦਾ ਢੰਗ ਹੈ।

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਸਿੱਖਣ ਸ਼ੈਲੀ ਦਾ ਸਬੰਧ ਅਸਲ ਵਿਚ ਇਸ ਨਾਲ ਹੈ ਕਿ ਸਿਖਿਆਰਥੀ ਕਿਸ ਤਰ੍ਹਾਂ ਸਿੱਖਣ ਨੂੰ ਤਰਜੀਹ ਦਿੰਦਾ ਹੈ ਨਾ ਕਿ ਸਿਖਿਆਰਥੀ ਕੀ ਸਿੱਖਦਾ ਹੈ। ਪ੍ਰਤੇਕ ਸਿਖਿਆਰਥੀ ਦਾ ਦੇਖਣ ਦਾ, ਸੰਗਠਿਤ ਕਰਨ ਦਾ ਅਤੇ ਯਾਦ ਰੱਖਣ ਦਾ ਆਪਣਾ ਹੀ ਪਸੰਦੀਦਾ ਅਤੇ ਅਲਗ ਢੰਗ ਹੁੰਦਾ ਹੈ। ਇਹ ਸਿੱਖਣ ਦੇ ਤਰੀਕੇ ਦੀ ਵਿਸ਼ੇਸ਼ਤਾ ਹੈ ਕਿ ਇਹ ਗਿਆਨਾਤਮਕ, ਭਾਵਨਾਤਮਕ ਅਤੇ ਸ਼ਰੀਰਕ ਵਿਵਹਾਰ ਦਾ ਪ੍ਰਗਟਾਵਾ ਹੈ, ਜਿਹੜਾ ਕਿ ਇਸ ਗਲ ਦਾ ਸੰਕੇਤਕ ਹੈ ਕਿ ਸਿੱਖਿਆਰਥੀ ਸਥਿਤੀ ਨੂੰ ਹਾਲਾਤਾਂ ਨੂੰ ਕਿਵੇਂ ਵੇਖਦਾ ਹੈ, ਕਿਵੇਂ ਗਲਬਾਤ ਕਰਦਾ ਹੈ ਅਤੇ ਆਪਣੇ ਸਿੱਖਣ ਦੇ ਵਾਤਾਵਰਣ ਪ੍ਰਤਿ ਕਿਸ ਤਰ੍ਹਾਂ ਅਨੁਕਿਰਿਆ ਕਰਦਾ ਹੈ। ਵਿਦਿਆਰਥੀ ਵੱਖ-ਵੱਖ ਤਰੀਕਿਆਂ ਰਾਹੀਂ ਸਿੱਖਦੇ ਹਨ। ਖੋਜ ਦੁਆਰਾ ਇਹ ਵੀ ਨਿਸ਼ਚਿਤ ਕੀਤਾ ਗਿਆ ਹੈ ਕਿ ਦਿਮਾਗ ਦੀ ਬਣਤਰ ਵਿਅਕਤੀ ਦੇ ਭਾਸ਼ਾ ਸਿੱਖਣ ਨੂੰ ਪ੍ਰਭਾਵਿਤ ਕਰਦੀ ਹੈ।

**ਛੋਟੇ ਉੱਤਰ ਵਾਲੇ ਪ੍ਰਸ਼ਨ :**

1. ਸਿੱਖਣ ਸਟਾਇਲ ਦੀ ਪਰਿਭਾਸ਼ਾ ਦਿਓ।
2. ਆਪਣੇ ਸਿੱਖਣ ਸਟਾਇਲ ਬਾਰੇ ਇਕ ਨੋਟ ਲਿਖੋ।

### 2.2.4 ਸਿੱਖਣ ਸਟਾਇਲ ਦਾ ਸੰਕਲਪ :

ਪ੍ਰਭਾਵਸ਼ਾਲੀ ਸਿੱਖਣ ਵਿਚ ਬਹੁ-ਸੰਵੇਦੀ ਹਦਾਇਤ ਅਤੇ ਵੱਖ-ਵੱਖ ਉਪਾਗਸਾਂ ਦਾ ਸਮਾਯੋਜਨ ਹੈ, ਜਿਸ ਦੇ ਨਤੀਜੇ ਵਜੋਂ ਬੱਚਾ ਸਿੱਖਦੇ ਹੋਏ ਇਕ ਤੋਂ ਵੱਧ ਇੰਦਰਿਆਂ (ਸੰਵੇਦੀ ਅੰਗਾਂ) ਦੀ ਵਰਤੋਂ ਕਰਦਾ ਹੈ। ਬਹੁ-ਸੰਵੇਦੀ ਉਪਾਗਮ ਸਾਡੇ ਦਿਮਾਗ ਨਾਲ ਜੁੜੇ ਹੋਣ ਕਰਕੇ ਬਹੁਤ ਵਧੀਆ ਕੰਮ ਕਰਦੇ ਹਨ। ਜਦੋਂ ਵੀ ਅਸੀਂ ਕੁਝ ਸਿੱਖਦੇ ਹਾਂ ਤਾਂ ਇਹ ਸੂਚਨਾ ਸਾਡੇ ਦਿਮਾਗ ਤੱਕ ਪਹੁੰਚ ਜਾਂਦੀ ਹੈ, ਭਾਵੇ ਅਸੀਂ ਆਪਣੀਆਂ ਅੱਖਾਂ ਤੋਂ ਦੇਖ ਕੇ ਸਿੱਖਦੇ ਹੋਇਏ, ਭਾਵੇਂ, ਕੰਨਾਂ ਤੋਂ ਸੁਣਕੇ, ਜਾਂ ਕੋਈ ਹੱਥੀਂ ਕੰਮ ਕਰਦੇ ਹੋਇਏ, ਇਹ ਸਾਰੀ ਸੂਚਨਾ ਸਾਡੇ ਦਿਮਾਗ ਤੱਕ ਪਹੁੰਚ ਜਾਂਦੀ ਹੈ। ਇਸ ਕਰਕੇ ਜਦੋਂ ਅਸੀਂ ਇਕ ਤੋਂ ਵੱਧ ਸੰਵੇਦੀ ਅੰਗਾਂ ਦਾ ਪ੍ਰਯੋਗ ਕਰਦੇ ਹਾਂ ਤਾਂ ਸਾਡੇ ਦਿਮਾਗ ਨੂੰ ਇਕ ਸਮੇਂ ਵਿਧੀ ਬਹੁਤ ਸਾਰੀ ਨਵੀਂ ਜਾਣਕਾਰੀ ਮਿਲ ਜਾਂਦੀ ਹੈ। ਜਿਸ ਦੇ ਨਤੀਜੇ ਵੱਜੋਂ ਅਸੀਂ ਵਧੀਆ ਸਿੱਖਦੇ ਹਾਂ। 1993 ਵਿਚ ਰੀਫ (Rief) ਨੇ ਸੰਵੇਦੀ ਅੰਗਾਂ ਦੁਆਰਾ ਸਿੱਖਣ ਦੀ ਪ੍ਰਤੀਸ਼ਤਤਾ ਹੇਠ ਲਿਖੇ ਅਨੁਸਾਰ ਦਿੱਤੀ ਸੀ :

(1) ਵਿਦਿਆਰਥੀ ਪੜ੍ਹੇ ਹੋਏ ਦਾ 10% ਯਾਦ ਰਖਦਾ ਹੈ।

(2) ਵਿਦਿਆਰਥੀ ਸੁਣੇ ਹੋਏ ਦਾ 20% ਯਾਦ ਰਖਦਾ ਹੈ।

(3) ਵਿਦਿਆਰਥੀ ਵੇਖੇ ਹੋਏ ਦਾ 30% ਯਾਦ ਰਖਦਾ ਹੈ।

(4) ਵਿਦਿਆਰਥੀ ਵੇਖੇ ਅਤੇ ਸੁਣੇ ਹੋਏ ਦਾ 50% ਯਾਦ ਰਖਦਾ ਹੈ।

(5) ਵਿਦਿਆਰਥੀ ਆਖ ਕਹੇ ਹੋਏ ਦਾ 70% ਯਾਦ ਰਖਦਾ ਹੈ।

(6) ਵਿਦਿਆਰਥੀ ਆਪ ਕਹੇ ਹੋਏ ਅਤੇ ਕੀਤੇ ਕੰਮ ਦਾ 90% ਯਾਦ ਰਖਦਾ ਹੈ।

ਉਪਰੋਕਤ ਚਰਚਾ ਦੇ ਆਧਾਰ ਤੇ ਸਿੱਖਣ ਸ਼ੈਲੀ ਦੀਆਂ ਹੇਠ ਲਿਖੇ ਅਨੁਸਾਰ ਸੱਤ ਕਿਸਮਾਂ ਦਿੱਤੀਆਂ ਗਈਆਂ ਹਨ :

(1) ਦੇਖਣਾ (Visual) : ਵਿਦਿਆਰਥੀ ਤਸਵੀਰਾਂ ਅਤੇ ਚਿੱਤਰਾਂ ਨੂੰ ਤਰਜੀਹ ਦਿੰਦਾ ਹੈ।

(2) ਵਸੀਲਾ (ਸੰਗੀਤ-ਸੰਬੰਧੀ) : ਵਿਦਿਆਰਥੀ ਆਵਾਜ਼ ਅਤੇ ਸੰਗੀਤ ਨੂੰ ਤਰਜੀਹ ਦਿੰਦਾ ਹੈ।

(3) ਜ਼ੁਬਾਨੀ (ਭਾਸ਼ਾਈ) : ਵਿਦਿਆਰਥੀ ਬੋਲੀ ਅਤੇ ਲਿਖਤੀ ਰੂਪ ਦੋਨਾ ਵਿਚ ਸ਼ਬਦਾਂ ਦੀ ਵਰਤੋਂ ਕਰਦੇ ਹਨ।

(4) ਸ਼ਰੀਰਕ (Kinesthetic) : ਵਿਦਿਆਰਥੀ ਆਪਣੇ ਸਰੀਰ ਨੂੰ, ਹੱਥਾਂ ਨੂੰ ਅਹਿਸਾਸ ਦੀ ਭਾਵਨਾ ਨੂੰ ਪਸੰਦ ਕਰਦੇ ਹਨ।

(5) ਲਾਜੀਕਲ (ਗਣਿਤ) : ਵਿਦਿਆਰਥੀ ਤਰਕ, ਸੋਚ ਅਤੇ ਸਿਸਟਸਜ਼ ਨੂੰ ਤਰਜੀਹ ਦਿੰਦੇ ਹਨ।

(6) ਸਮਾਜਿਕ (ਪਰਸਪਰ) : ਬੱਚੇ, ਸਮੂਹ ਵਿਚ ਜਾਂ ਹੋਰ ਲੋਕਾਂ ਨਾਲ ਮਿਲਕੇ ਸਿੱਖਣਾ ਪਸੰਦ ਕਰਦੇ ਹਨ।

(7) ਇਕੱਲੇ (ਅੰਤਰਾ-ਵਿਅਕਤੀਗਤ) : ਵਿਦਿਆਰਥੀ ਇਕੱਲੇ ਕੰਮ ਕਰਨ ਨੂੰ ਅਤੇ ਸਵੈ ਅਧਿਐਨ ਨੂੰ ਤਰਜੀਹ ਦਿੰਦੇ ਹਨ।

### ਸਿੱਖਣ ਸ਼ੈਲੀ (ਸਟਾਇਲ) ਦਾ ਵਰਗੀਕਰਣ :

ਸੈਂਨਟਾਲੇ (Santally) ਅਤੇ ਸੈਂਟਿਨੀ (Senteni) ਨੇ 2005 ਵਿਚ ਸਿਖਣ ਸ਼ੈਲੀ ਦਾ ਹੇਠ ਲਿਖਿਆ ਮਾਪਦੰਡ ਦਿੱਤਾ ਸੀ :

1. ਗਿਆਨਾਤਮਕ (ਬੋਧ) ਸ਼ੈਲੀ
   - (i) ਜਾਣਕਾਰੀ ਪ੍ਰਬੰਧਕੀ (Serial/holist)
   - (ii) ਜਾਣਕਾਰੀ ਇਕੱਠਾ ਕਰਨਾ (ਦੇਖਣ-ਸੁਣਨ (Kinesthetic)/ਕਿਰਿਆਤਮਕ)
2. ਬੋਧ (ਜਾਣਕਾਰੀ) ਕੰਟਰੋਲ
   - (i) ਖੇਤਰੀ ਨਿਰਭਰਤਾ/ਆਜ਼ਾਦੀ

(ii) ਬੋਧ ਲਚਕੀਲਾਪਨ/ਬੋਧ ਬੰਦਸ

3. ਸਿੱਖਣ ਸ਼ੈਲੀ ਦੀ ਤਰਜੀਹ

ਇਸ ਦਾ ਉਦਾਹਰਣ ਹੈ ਹਨੀ ਅਤੇ ਸਮਫੋਰਡ ਮਾਡਲ (ਜਿਸ ਵਿਚ Activists (ਕਾਰਕੁੰਨ), Reflectors (ਰਿਫਲੈਕਟਰਜ਼), Theorists (ਸਿਧਾਂਤਮਕ) Pragmatists (ਸਿੱਟਾਵਾਦੀ) ਦੇ ਸਿੱਖਣ ਦੇ ਤਰੀਕੇ)

**ਕੈਰੀ** (1983, 1987) ਨੇ ਸਿੱਖਣ ਸ਼ੈਲੀ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਹੈ :

1. ਬੋਧ ਸ਼ਖਸੀਅਤ : ਇਹ ਸਭ ਤੋਂ ਸਥਿਰ ਹੈ, ਇਸ ਲਈ ਇਸ ਨੂੰ ਆਸਾਨੀ ਨਾਲ ਸੋਧਿਆ ਨਹੀਂ ਜਾ ਸਕਦਾ।
2. ਜਾਣਕਾਰੀ ਤੇ ਕਾਰਵਾਈ ਕਰਨਾ : ਇਹ ਇਕ ਸਿੱਖਿਆਰਥੀ ਕੇਂਦਰਿਤ ਸੰਕਲਪ ਹੈ। ਇਸ ਦੇ ਅਨੁਸਾਰ ਸਿੱਖਿਆਰਥੀ ਆਪਣੀ ਸਿੱਖਣ ਪ੍ਰਕ੍ਰਿਆ ਨੂੰ ਸਵੈ-ਨਿਰਦੇਸ਼ਿਤ ਕਰਦਾ ਹੈ ਅਤੇ ਆਪਣੇ ਆਪ ਨੂੰ ਸਦਾ ਹੀ ਪ੍ਰੇਰਿਤ ਰੱਖਦਾ ਹੈ/ਕੋਸ਼ਿਸ਼ ਕਰਦਾ ਹੈ।
3. ਸਮਾਜਿਕ ਗੱਲਬਾਤ ਸ਼ੈਲੀ : ਵਿਅਕਤੀ ਸਿੱਖਣ ਲਈ ਸਮਾਜਿਕ ਗਲਬਾਤ (interaction) ਨੂੰ ਤਰਜੀਹ ਦਿੰਦਾ ਹੈ।
4. ਪੜ੍ਹਾਈ ਸਬੰਧੀ ਰੁਝਾਨ : ਸਿਖਿਆਰਥੀ ਦੀ ਯੋਗਤਾ ਅਤੇ ਉਸ ਦੀ ਸਹੂਲਤ ਨੂੰ ਧਿਆਨ ਵਿਚ ਰੱਖ ਕੇ ਪੜ੍ਹਾਉਣ ਦੀ ਵਿਧੀ ਅਤੇ ਸਮੱਗਰੀ ਦੀ ਵਰਤੋਂ ਕੀਤੀ ਜਾਂਦੀ ਹੈ।

**ਰਾਇਨਰ** ਅਤੇ **ਰਾਇਡਿੰਗ** (1997) ਨੇ ਸਿੱਖਣ ਸ਼ੈਲੀ ਦੀਆਂ ਤਿੰਨ ਸ਼੍ਰੇਣੀਆਂ ਦੀ ਵਿਆਖਿਆ ਕੀਤੀ ਹੈ।

1. ਗਿਆਨ-ਕੇਂਦਰਿਤ : ਪ੍ਰਤੇਕ ਸਿਖਿਆਰਥੀ ਦੇ ਗਿਆਨਾਤਮਕ ਅਤੇ ਪ੍ਰਤੱਖ ਗਿਆਨਾਤਮਕ ਕੰਮਕਾਜ ਨੂੰ ਧਿਆਨ ਵਿਚ ਰਖਣਾ।
2. ਸਿੱਖਣ ਕੇਂਦਰਿਤ : ਜਾਣਕਾਰੀ ਨੂੰ ਸਮਝਣਾ ਅਤੇ ਉਸ ਤੇ ਕਾਰਵਾਹੀ ਕਰਨਾ, ਸਿੱਖਣ ਦੇ ਹਾਲਾਤਾਂ ਲਈ ਵਿਅਕਤੀਗਤ ਤਰਜੀਹ ਅਤੇ ਸਿੱਖਣ ਲਈ ਗਿਆਨਾਤਮਕ/ਬੋਧਾਤਮਕ ਸ਼ੈਲੀ ਦੀ ਵਰਤੋਂ ਕਰਨਾ ਇਸ ਵਿਚ ਸ਼ਾਮਿਲ ਹਨ।
3. ਸ਼ਖ਼ਸੀਅਤ ਕੇਂਦਰਿਤ : ਸਿੱਖਣ ਸ਼ੈਲੀ ਵਿਅਕਤੀਗਤ ਭਿੰਨਤਾਵਾਂ ਤੇ ਆਧਾਰਤ ਹੁੰਦੀ ਹੈ।

**Kolb ਦੇ ਅਨੁਸਾਰ ਸਿੱਖਣ ਦੇ ਸਟਾਇਲ**

ਡੇਵਿਡ ਕੋਬ ਦੁਆਰਾ ਦਿੱਤਾ ਗਿਆ ਸਿੱਖਣ ਸ਼ੈਲੀ (ਸਟਾਇਲ) ਦਾ ਵਰਗੀਕਰਣ ਉਸ ਦੁਆਰਾ ਦਿੱਤੇ ਗਏ ਅਨੁਭਵੀ ਸਿੱਖਣ (Experiential learning) ਦੇ ਸਿਧਾਂਤ ਤੇ ਅਧਾਰਿਕ ਹੈ ਅਤੇ ਇਸ ਦਾ ਇਹ ਵੀ ਕਹਿਣਾ ਹੈ ਕਿ ਵਿਅਕਤੀ ਅਤੇ ਉਸਦੇ ਵਾਤਾਵਰਣ ਵਿਚਕਾਰ ਹੋ ਰਹੇ ਸੰਚਾਰ ਦੁਆਰਾ ਹੀ ਸਿੱਖਣ ਸ਼ੈਲੀ ਬਣਦੀ ਹੈ। ਇਸ ਸਿਧਾਂਤ ਦੇ ਅਨੁਸਾਰ ਸਿੱਖਿਆਰਥੀ ਲਈ ਜਾਣਕਾਰੀ ਦੇ ਨਾਲ ਨਜਿੱਠਣ ਲਈ ਪਸੰਦੀਦਾ ਦੋ ਤਰੀਕੇ ਹਨ -

(1) ਪ੍ਰਤੱਖਤਾ/ਮੂਰਤ (ਠੋਸ) concreteness ਜਾਂ ਅਪ੍ਰਤੱਖਤਾ (ਅਮੂਰਤਤਾ) (Abstractness)

(2) ਸਰਗਰਮੀ (Activity) ਜਾਂ ਪੁਨਰ ਵਿਚਾਰ

Kolb ਦਾ ਕਹਿਣਾ ਹੈ ਕਿ ਸਿੱਖਣ ਦੀ ਪ੍ਰਕ੍ਰਿਆ ਵਿਚ ਇਹ ਚਾਰਾਂ ਭਾਗ ਇਕ ਚੱਕਰ ਵਾਂਗ ਸ਼ਾਮਲ ਰਹਿੰਦੇ ਹਨ-

(i) ਉਹ ਸਮਾਗਮ ਜਿਨ੍ਹਾਂ ਵਿਚ ਅਸੀਂ ਸ਼ਾਮਲ ਹੋਏ (ਪ੍ਰਤੱਖ ਜਾਂ ਠੋਸ concrete)

(ii) ਜਿਹੜਾ ਪੁਨਰ ਵਿਚਾਰ ਅਤੇ ਜਾਣਕਾਰੀ ਇਕੱਠਾ ਕਰਨ ਨੂੰ ਬੜ੍ਹਤ ਦੇਵੇ (reflection)

(iii) ਜਿਹੜਾ ਵਿਚਾਰਾਂ ਦੇ ਵਿਕਾਸ ਵਿਚ ਸਹਾਈ ਹੋਵੇ (Abstractness)

(iv) ਉਹ ਫੈਸਲੇ ਲੈਣਾ ਜਿਨ੍ਹਾਂ ਰਾਹੀਂ ਸਮਾਗਮ (events) ਬਣਾਏ ਜਾਣ। (activity)

ਇਸ ਤੇ ਅਧਾਰਿਤ ਚਾਰ ਸਿੱਖਣ ਸ਼ੈਲੀਆਂ ਹਨ :

1. Diverging (ਡਾਇਵਰਜਿੰਗ) – ਅਨੁਭਵ ਅਤੇ ਪੁਨਰ ਵਿਚਾਰ ਕਰਨਾ।
2. Assimilating - ਸੋਚ ਵਿਚਾਰ ਅਤੇ ਪੁਨਰ-ਵਿਚਾਰ
3. Converging - ਸੋਚ ਵਿਚਾਰ ਅਤੇ ਕੰਮ ਕਰਨਾ।
4. Accomodation – ਕੰਮ ਕਰਨਾ ਅਤੇ ਅਨੁਭਵ ਕਰਨਾ

**ਹਨੀ ਅਤੇ ਮਮਫੋਰਡ ਦੁਆਰਾ ਦਿੱਤਾ ਗਿਆ ਸਿਖਿਆਰਥੀਆਂ ਦਾ ਵਰਗੀਕਰਣ**

Kolb ਦੇ ਅਨੁਭਵ ਰਾਹੀਂ ਸਿੱਖਣ ਦੇ ਮਾਡਲ ਦੇ ਆਧਾਰ ਤੇ ਹਨੀ ਅਤੇ ਮਮਫੋਰਡ ਨੇ ਵੀ ਸਿੱਖਣ ਸ਼ੈਲੀਆਂ ਦਾ ਵਰਗੀਕਰਣ ਕੀਤਾ ਹੈ।

1. **ਕਿਰਿਆਸ਼ੀਲ** (Activist) - ਇਹ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ ਅਤੇ ਪ੍ਰਯੋਗ ਤਜ਼ਰਬਾ ਕਰਨ ਲਈ ਤਿਆਰ ਰਹਿੰਦੇ ਹਨ। ਇਹ ਵਧੀਆ ਸਿੱਖਦੇ ਹਨ ਜਦੋਂ ਇਨ੍ਹਾਂ ਨੂੰ (1) ਤੁਰੰਤ ਕੁਝ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ, (2) ਦੂਜਾ ਜਦੋਂ ਇਹ ਕਿਸੇ ਨਵੇਂ ਤਜ਼ਰਬੇ ਜਾਂ ਸਮਸਿਆ ਦਾ ਸਾਹਮਣਾ ਕਰ ਰਹੇ ਹੋਣ, (3) ਅਤੇ ਜਦੋਂ ਇਹ ਟੀਮ ਵਿਚ ਦੂਜਿਆਂ ਨਾਲ ਕੰਮ ਕਰ ਰਹੇ ਹੋਣ।
   ਦੂਜੇ ਪਾਸੇ ਜਦੋਂ ਇਨ੍ਹਾਂ ਨੂੰ ਲੰਬੇ ਸਮੇਂ ਤੱਕ ਭਾਸ਼ਣ ਸੁਣਨ ਲਈ ਜਾਂ ਹਦਾਇਤਾਂ ਦੀ ਪਾਲਨਾ ਕਰਨ ਲਈ ਜਾਂ ਆਪਣੇ ਆਪ ਪੜ੍ਹਨ, ਲਿਖਣ ਅਤੇ ਸੋਚਣ ਲਈ ਕਿਹਾ ਜਾਂਦਾ ਹੈ ਤਾਂ ਇਨ੍ਹਾਂ ਹਾਲਾਤਾਂ ਵਿਚ ਇਹ ਬਹੁਤ ਘੱਟ ਸਿਖਦੇ ਹਨ। ਸਮਸਿਆ ਦਾ ਹਲ ਕਰਨਾ, ਸਾਮੂਹਿਕ ਵਿਚਾਰ-ਵਟਾਂਦਰਾ, ਭੂਮਿਕਾ ਅਦਾ ਕਰਨਾ, ਅਤੇ ਮੁਕਾਬਲੇ ਕਰਨਾ ਇਨ੍ਹਾਂ ਲਈ ਵਧੀਆ ਕਿਰਿਆਵਾਂ ਹਨ।
2. **ਪੁਨਰਵਿਚਾਰ ਕਰਨ ਵਾਲੇ** (Reflectors) - ਇਹ ਦੱਤੂ ਸਮਗਰੀ ਦਾ ਅਧਿਐਨ ਕਰਨ ਅਤੇ ਉਸ ਦੀ ਸਮੀਖਿਆ ਕਰਨ ਨੂੰ ਤਰਜੀਹ ਦਿੰਦੇ ਹਨ। ਇਹ ਦੇਖਕੇ ਸਮੀਖਿਆ ਕਰਕੇ ਅਤੇ ਕੀ ਹੋ ਰਿਹਾ ਹੈ, ਉਸ ਬਾਰੇ ਸੋਚ ਕੇ ਵਧੀਆ ਸਿੱਖਦੇ ਹਨ। ਜਲਦਬਾਜ਼ੀ ਅਤੇ ਆਗੂ ਦੇ ਤੌਰ ਤੇ ਕੰਮ ਕਰਨਾ ਇਨ੍ਹਾਂ ਨੂੰ ਪਸੰਦ ਨਹੀਂ। ਇੰਟਰਵਿਊ, ਪ੍ਰਸ਼ਨਾਵਲੀ ਚਰਚਾ ਅਤੇ ਨਿਰੀਖਣ ਰਾਹੀਂ ਇਹ ਵਧੀਆ ਸਿੱਖਦੇ ਹਨ।
3. **ਸਿਧਾਂਤਕ** (Theorists) - ਇਹ ਸਿੱਟਾ ਕੱਢਣ ਵਿਚ ਮਾਹਰ ਹੁੰਦੇ ਹਨ। ਇਹ ਕਹਾਣੀਆਂ ਪੜ੍ਹਕੇ, ਸਿਧਾਂਤ, ਮਾਡਲ ਅਤੇ ਸੰਕਲਪਾਂ ਰਾਹੀਂ ਵਧੀਆ ਸਿੱਖਦੇ ਹਨ। ਇਹ ਪ੍ਰਸ਼ਨ ਪੁਛਦੇ ਹਨ ਅਤੇ ਵਿਸ਼ਲੇਸ਼ਣ ਅਤੇ ਸ਼ੰਸਲੇਸ਼ਣ ਵਿਚ ਹਿੱਸਾ ਲੈਂਦੇ ਹਨ। ਇਹ ਵਿਧੀਵਤ ਅਤੇ ਅਸੂਲਾਂ ਵਾਲੇ ਹੁੰਦੇ ਹਨ।
4. **ਸਿੱਟਾਵਾਦੀ** (Pragmatists) - ਇਹ ਉਪਯੋਗਵਾਦੀ ਅਤੇ ਯੋਜਨਾ ਪਸੰਦ ਹੁੰਦੇ ਹਨ। ਇਹ ਨਵੀਂ ਜਾਣਕਾਰੀ ਨੂੰ ਅਸਲ ਸੰਸਾਰ ਦੀ ਸਮੱਸਿਆ ਤੇ ਲਾਗੂ ਕਰਕੇ ਸਿੱਖਦੇ ਹਨ। ਤੁਰੰਤ ਲਾਭ ਨਾ ਦੇਣ ਵਾਲੀ ਵਸਤੂ ਇਨ੍ਹਾਂ ਨੂੰ ਪਸੰਦ ਨਹੀਂ, ਇਹ ਸਮੱਸਿਆ ਹਲ ਕਰਨਾ, ਚਰਚਾ ਕਰਨਾ ਆਦਿ ਕਿਰਿਆਵਾਂ ਨੂੰ ਤਰਜੀਹ ਦਿੰਦੇ ਹਨ।

**ਮੇਅਰਜ ਬਰਿਗਜ਼** (Myers-Briggs)

ਇਹ ਮਾਡਲ ਵਿਦਿਆਰਥੀਆਂ ਨੂੰ ਮਨੋਵਿਗਿਆਨੀ (ਕਾਰਲ ਜੰਗ) ਦੇ ਸਿਧਾਂਤ ਦੇ ਅਨੁਸਾਰ ਹੇਠ ਲਿਖੀ ਕਿਸਮਾਂ ਵਿਚ ਵੰਡਦਾ ਹੈ।

1. ਬਾਹਰਮੁਖੀ/ਅੰਤਰਮੁਖੀ
2. ਸੁਚੇਤ/ਅੰਤਰ ਪ੍ਰੇਰਣਾ/ਸਹਿਜ ਗਿਆਨ ਵਾਲੇ
3. ਵਿਚਾਰਸ਼ੀਲ/ਸੰਵੇਦਾਤਮਕ

4. ਨਿਰਣਾਇਕ/ਵੇਖਣ ਅਤੇ ਸਮਝਣ ਵਾਲੇ (ਪ੍ਰਤੱਖਆਤਮਕ)

ਸਿੱਖਣ ਸਟਾਇਲ ਤੇ ਹੋਈ ਖੋਜਾਂ ਨੇ ਸਿੱਖਿਆਰਥੀ ਨੂੰ ਉਸ ਦੀ ਯੋਗਤਾ ਦੇ ਅਨੁਸਾਰ ਵਰਗੀਕ੍ਰਿਤ ਕਰਨ ਦੀ ਕੋਸ਼ਿਸ਼ ਨੇ ਕੁਝ ਭਰੋਸੇਯੋਗ ਨਤੀਜੇ ਦਿੱਤੇ ਹਨ। ਉਦਾਹਰਣ ਵਜੋਂ : ਕੋਬ (1984) ਨੇ ਚਾਰ ਸਿੱਖਣ ਸਟਾਇਲ ਦੀ ਪਛਾਦ ਕੀਤੀ (ਭਾਵ- Diverging (ਬਹੁਵਿਧ), convergeing (ਇਕ ਵਿਧ) assimilation ਅਤੇ accomodation) ਅਤੇ ਚਾਰ ਸਿੱਖਣ ਦੇ ਮਾਡਲ ਦਿੱਤੇ (ਭਾਵ - ਠੋਸ (ਮੂਰਤ) ਅਨੁਭਵ, ਵਿਚਾਰਾਤਮਕ ਨਿਰੀਖਣ, ਅਮੂਰਤ ਧਾਰਣਾ ਅਤੇ ਸਰਗਰਮ ਪ੍ਰਯੋਗ)। ਡਨ ਅਤੇ ਡਨ ਨੇ (1978) ਵਿਚ ਇਥ ਵਿਆਪਕ ਮਾਡਲ ਦਾ ਵਿਕਾਸ ਕੀਤਾ ਜਿਹੜਾ ਕਿ ਵਾਤਾਵਰਣਕ, ਸਰੀਰਕ ਭਾਵਨਾਤਮਕ, ਮਨੋਵਿਗਿਆਨਕ, ਸਿੱਖਣ ਸ਼ੈਲੀ ਤੱਤ ਨਾਲ ਸਬੰਧਤ ਸੀ ਅਤੇ ਇਹ ਵੀ ਦਾਅਵਾ ਕੀਤਾ ਕਿ ਇਹ ਤੱਤ ਸਿੱਖਣ ਰਣਨੀਤੀ ਨੂੰ ਸਿੱਧੇ ਜਾਣਕਾਰੀ ਮੁਹੱਈਆ ਕਰ ਸਕਦਾ ਹੈ। ਇਸ ਖੇਤਰ ਵਿਚ ਵੱਧ ਰਹੀ ਖੋਜ ਸਿੱਖਣ ਸ਼ੈਲੀ ਦੀਆਂ ਹੋਰ ਸਭ ਵਰਗਾਂ ਬਾਰੇ ਜਾਣਕਾਰੀ ਦੇ ਰਹੀ ਹੈ ਅਤੇ ਸਿਖਿਆਰਥੀਆਂ ਵਿਚਕਾਰ ਵੱਧ ਰਹੀ ਭਿੰਨਤਾਵਾਂ ਬਾਰੇ ਵੀ ਜਾਣਕਾਰੀ ਮੁਹੱਇਆ ਕਰਵਾ ਰਹੀ ਹੈ।

**ਛੋਟੇ ਉੱਤਰ ਵਾਲੇ ਪ੍ਰਸ਼ਨ :**

1. ਸਿੱਖਣ ਸਟਾਇਲ ਦੀ ਕਿਸਮਾਂ ਨੂੰ ਸੂਚੀਬਧ ਕਰੋ।
2. ਡੇਵਿਡ ਕੋਬ ਦੁਆਰਾ ਦਿੱਤੇ ਗਏ ਸਿੱਖਣ ਸਟਾਇਲ ਬਾਰੇ ਚਰਚਾ ਕਰੋ।
3. ਹਨੀ ਅਤੇ ਸਮਫੇਰਡ ਦੁਆਰਾ ਦਿੱਤੇ ਗਏ ਸਿੱਖਿਆਰਥੀਆਂ ਦੇ ਵਰਗੀਕਰਣ ਬਾਰੇ ਦੱਸੋ।

**2.2.5 ਜਮਾਤ ਦੇ ਅਧਿਆਪਨ ਵਿਚ ਸਿੱਖਣ ਸਟਾਇਲ ਦੇ ਪ੍ਰਭਾਵ :**

ਸਿੱਖਣ ਸਟਾਇਲ ਦੀ ਜਾਣਕਾਰੀ ਕਿਸੇ ਵੀ ਅਧਿਆਪਕ ਲਈ ਉਸ ਦੀ ਜਮਾਤ ਵਿਚ ਵਿਦਿਆਰਥੀਆਂ ਵਿਚਕਾਰ ਵਾਪਰ ਰਹੀ ਵਿਅਕਤੀਗਤ ਭਿੰਨਤਾਵਾਂ ਨੂੰ ਸੰਵੇਦਨਸ਼ੀਲ ਢੰਗ ਨਾਲ ਨਜਿੱਠਣ ਲਈ ਬਹੁਤ ਮਦਦਗਾਰ ਹੈ। ਵਿਦਿਆਰਥੀਆਂ ਦੇ ਸਿੱਖਣ ਅਨੁਭਵਾਂ ਨੂੰ ਵਿਚਾਰਪੂਰਨ ਅਤੇ ਯੋਜਨਾਬੱਧ ਤਰੀਕੇ ਨਾਲ ਉਨ੍ਹਾਂ (ਵਿਦਿਆਰਥੀਆਂ) ਦੇ ਸਿੱਖਣ ਤਰੀਕੇ ਨਾਲ ਮੇਲ ਜਾਂ ਬੇਮੇਲ ਕਰਨ ਵਿਚ ਵੀ ਇਹ ਇਕ ਮਾਰਗਦਰਸ਼ਕ ਦਾ ਕੰਮ ਕਰਦੇ ਹਨ। ਇਹ ਸਭ ਅਧਿਆਪਕ ਦੇ ਮਕਸਦ ਤੇ ਨਿਰਭਰ ਕਰਦਾ ਹੈ। ਵਿਦਿਆਰਥੀ ਦੀ ਸਿੱਖਣ ਸ਼ੈਲੀ ਨੂੰ ਪਛਾਣ ਕੇ ਅਤੇ ਉਸ ਦੇ ਅਨੁਸਾਰ ਉਸ ਨੂੰ ਹਦਾਇਤਾਂ ਮੁਹੱਈਆ ਕਰਾਈ ਜਾਣ ਤਾਂ ਸਿੱਖਣ ਹੋਰ ਵੀ ਪ੍ਰਭਾਵਸ਼ਾਲੀ ਹੋਵੇਗਾ। ਕਈ ਵਾਰ ਬੇਮੇਲ ਤਰੀਕੇ ਨਾਲ ਪੜ੍ਹਾਉਣਾ ਵੀ ਪ੍ਰਭਾਵਸ਼ਾਲੀ ਹੁੰਦਾ ਹੈ ਕਿਉਂਕਿ ਇਸ ਰਾਹੀਂ ਵਿਦਿਆਰਥੀ ਨਵੇਂ ਤਰੀਕੇ ਨਾਲ ਸਿੱਖਦਾ ਹੈ ਅਤੇ ਸੋਚਣ ਦੇ ਨਵੇਂ ਤਰੀਕਿਆਂ ਅਪਣਾਉਂਦਾ ਹੈ। ਬੇਮੇਲ ਤਰੀਕੇ ਦੀ ਵਰਤੋਂ ਬਹੁਤ ਹੀ ਧਿਆਨ ਨਾਲ ਅਤੇ ਵਿਦਿਆਰਥੀ ਬਾਰੇ ਵਿਚਾਰ ਕਰਕੇ ਕਰਨੀ ਚਾਹੀਦੀ ਹੈ ਕਿਉਂਕਿ ਅਸਨਤੰਤਰਤਾ (discontinuity) ਦਾ ਅਨੁਭਵ ਬਹੁਤ ਹੀ ਖ਼ਤਰਨਾਕ ਹੋ ਸਕਦਾ ਹੈ ਜਦੋਂ ਕਿ ਵਿਦਿਆਰਥੀ ਅਧਿਐਨ ਦੇ ਕੁਝ ਖੇਤਰਾਂ ਵਿਚ ਕਮਜ਼ੋਰ ਹੋਵੇ।

Marilee Sprenger ਨੇ ਜਮਾਤ ਵਿਚ ਸਿੱਖਣ ਲਈ ਤਿੰਨ ਸਿਫਾਰਿਸ਼ਾਂ ਕੀਤੀਆਂ :

1. ਅਧਿਆਪਕ ਸਿੱਖਿਆਰਥੀ ਹੋ ਸਕਦਾ ਹੈ, ਸਿਖਿਆਰਥੀ ਅਧਿਆਪਕ ਹੋ ਸਕਾਦ ਹੈ, ਦੋਵੇਂ ਦੋਨੋਂ ਹੋ ਸਕਦੇ ਹਨ।
2. ਪ੍ਰੇਰਕ ਵਿਅਕਤੀ ਸਹੀ/ਚੰਗੇ ਹਾਲਾਤ ਵਿਚ ਸਿੱਖ ਸਕਦਾ ਹੈ।
3. ਸਿੱਖਣਾ ਮਜ਼ੇਦਾਰ ਹੈ, ਇਸਨੂੰ ਹੋਰ ਆਕਰਸ਼ਕ/ਪ੍ਰਭਾਵਸ਼ਾਲੀ ਬਣਾਉਣਾ ਚਾਹੀਦਾ ਹੈ।

ਉਸ ਨੇ ਅਧਿਆਪਕ ਨੂੰ ਅਸਰਦਾਰ ਤਰੀਕੇ ਨਾਲ ਪੜ੍ਹਾਉਣ ਦੇ ਵੱਖ-ਵੱਖ ਤਰੀਕੇ ਦੱਸੇ ਹਨ। ਸਿੱਖਿਆਰਥੀਆਂ ਦੇ ਸਿੱਖਣ ਦੇ ਤਰੀਕਿਆਂ ਦੇ ਅਨੁਸਾਰ ਅਧਿਆਪਨ ਦੇ ਢੰਗਾਂ ਦਾ ਵਰਗੀਕਰਣ ਹੇਠ ਦਿੱਤਾ ਗਿਆ ਹੈ।

1. ਦੇਖ ਕੇ ਸਿੱਖਣ ਵਾਲਿਆਂ ਲਈ ਇਹ ਨਿਸ਼ਚਿਤ ਕੀਤਾ ਜਾਵੇ ਕਿ ਵਿਦਿਆਰਥੀ ਨੂੰ ਲਿਖੇ ਹੋਏ ਸ਼ਬਦ ਦਿਸਦੇ ਹੋਣ, ਕਿਸੇ ਚੀਜ਼ ਦੀ ਵਿਆਖਿਆ ਕਰਦੇ ਹੋਏ ਤਸਵੀਰਾਂ ਦੀ ਵਰਤੋਂ ਕਰਨਾਂ, ਇਤਿਹਾਸ ਦੇ

ਵੱਖ-ਵੱਖ ਸਮਾਗਮਾਂ ਦੀ ਸੀਮਾ ਬਣਾ ਕੇ ਦਿਖਾਉਣਾ ਅਤੇ ਹਦਾਇਤਾਂ ਲਿਖ ਕੇ ਦੇਣਾ ਸ਼ਾਮਲ ਹਨ।

2. ਸੁਣਕੇ ਸਿੱਖਣ ਵਾਲੀਆਂ ਲਈ ਅਧਿਆਪਨ ਤਰੀਕੇ ਹਨ : ਔਖੇ ਸ਼ਬਦਾਂ ਅਤੇ ਸੰਕਲਪਾਂ ਦੀ ਦੁਹਰਾਈ ਉੱਚੀ ਆਵਾਜ਼ ਵਿਚ ਕਰਨਾ, ਛੋਟੀ ਸਾਮੂਹਿਕ ਚਰਚਾ, ਬਹਿਸ ਕਰਵਾਉਣਾ, ਜ਼ੁਬਾਨੀ ਰਿਪੋਟ ਲਿਖਣਾ ਅਤੇ ਜ਼ੁਬਾਨੀ ਵਿਆਖਿਆ ਨੂੰ ਤਰਜੀਹ ਦੇਣਾ ਸ਼ਾਮਲ ਹਨ।

3. ਕਿਰਿਆਸ਼ੀਲ ਸਿੱਖਿਆਰਥੀਆਂ ਲਈ ਸਿੱਖਣ ਦੇ ਤਰੀਕੇ ਹਨ - ਹੱਥੀ ਕੰਮ ਦੀਆਂ ਕਿਰਿਆਵਾਂ ਦੇਣਾ, ਪ੍ਰਯੋਗ ਕਰਨਾ, ਪ੍ਰੋਜੈਕਟ, ਦੇਖਣ ਸਹਾਇਕ ਸਮੱਗਰੀ ਦੀ ਵਰਤੋਂ, ਭੂਮਿਕਾ ਨਿਭਾਉਣਾ ਅਤੇ field trips (ਖੇਤਰ ਸਫ਼ਰ) ਸ਼ਾਮਿਲ ਹਨ।

4. ਇਹੋ ਜਿਹੇ ਪਾਠਕ੍ਰਮ ਅਨੁਭਵਾਂ ਦੀ ਸਥਾਪਨਾ ਕਰਨਾ ਜਿਹੜਾ ਵਿਦਿਆਰਥੀ ਦੀ ਮਦਦ ਕਰੇ ਇਹ ਸਿੱਖਣ ਵਿਚ ਕਿ ਸਿੱਖਣਾ ਕਿਵੇਂ ਹੈ ?

5. ਸਿੱਖਣ ਸਟਾਇਲ inventories ਦੁਆਰਾ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਿੱਖਣ ਦੇ ਤਰੀਕੇ ਅਤੇ ਉਨ੍ਹਾਂ ਦੀ ਖੂਬੀਆਂ (strengths) ਦੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਵਿਦਿਆਰਥੀ ਦੀਆਂ (ਪ੍ਰਾਇਮਰੀ) ਮੁੱਖ ਸਿੰਖਣ ਯੋਗਤਾਵਾਂ ਦੇ ਨਾਲ ਬੇਮੇਲ ਤਰੀਕਿਆਂ ਰਾਹੀਂ ਪੜ੍ਹਾਏ ਜਾ ਰਹੇ ਵਿਸ਼ਾ ਵਸਤੂ ਨੂੰ ਸਿੱਖਣ ਲਈ ਰਣਨੀਤੀ ਦਾ ਵਿਕਾਸ ਕਰਨ ਵਿਚ ਵਿਦਿਆਰਥੀਆਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

6. ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਸਿੱਖਣ ਦੇ ਮੌਕੇ ਪ੍ਰਦਾਨ ਕਰੇ। ਉਹ ਬੱਚਿਆਂ ਨੂੰ ਉਨ੍ਹਾਂ ਦੇ ਸਿੱਖਣ ਦੇ ਟੀਚੇ ਨਿਰਧਾਰਿਤ ਕਰਨ, ਸਿੱਖਣ ਦੀਆਂ ਰਣਨੀਤੀਆਂ ਦਾ ਚੁਨਾਅ ਕਰਨ ਅਤੇ ਲਾਗੂ ਕਰਨ ਦੇ ਨਾਲ-ਨਾਲ ਆਪਣੇ ਸਿੱਖਣ ਦੀ ਨਿਗਰਾਨੀ ਆਦਿ ਰੁਝੇਵਿਆਂ ਵਿਚ ਮਸ਼ਰੂਫ ਕਰ ਸਕਦੇ ਹਨ। ਅਧਿਆਪਕ ਵਿਦਿਆਰਥੀਆਂ ਨੂੰ ਉਹ ਸਥਿਤੀਆਂ ਵੀ ਮੁਹੱਈਆ ਕਰਵਾ ਸਕਦੇ ਹਨ ਜਿਨ੍ਹਾਂ ਰਾਹੀਂ ਉਹ ਬੱਚੇ ਆਪਣੇ ਆਪ ਸਿੱਖਣ ਲਈ ਪ੍ਰੇਰਿਤ ਹੋਣ।

7. ਵੱਡੀ-ਕਲਾਸਾਂ ਵਿਚ ਅਧਿਆਪਕ, ਸਿੱਖਿਆਰਥੀ ਦੂਸਰਿਆਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਦਾ ਹੈ। ਸਿੱਖਣ ਦੀ ਸਕਿਤੀ ਵਿਚ ਕਿਸ ਪ੍ਰਕਾਰ ਵਿਹਾਰ ਕਰਦਾ ਹੈ ਇਨ੍ਹਾਂ ਹਾਲਾਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਸਹਿਯੋਗ ਰਾਹੀਂ ਸਿੱਖਣ ਦੀ ਰਣਨੀਤੀ ਦੀ ਬੁਨਿਆਦ ਸਥਾਪਤ ਕਰ ਸਕਦਾ ਹੈ।

8. ਕੁਝ ਪੜ੍ਹਾਈ ਦੇ ਢੰਗ ਪ੍ਰੇਤਕ ਵਿਦਿਆਰਥੀ ਦੇ ਸਿੱਖਣ ਲਈ ਪਸੰਦੀਦਾ ਵਾਤਾਵਰਣ ਨੂੰ ਤਰਜੀਹ ਦਿੰਦੇ ਹਨ ਅਤੇ ਸਿੱਖਣ ਪ੍ਰਕਿਰਿਆ ਵਿਚ ਵਿਅਕਤੀਗਤ ਭਿੰਨਤਾਵਾਂ ਨੂੰ ਪਛਾਣਨ ਅਤੇ ਸੰਬੋਧਨ ਕਰਨ ਦੀ ਮਹੱਤਤਾ ਨੂੰ ਵੀ ਨਿਸ਼ਚਿਤ ਕਰਦੇ ਹਨ। ਪਰੰਤੂ ਇਹ ਮਾਡਲ ਇਕ ਦੂਜੇ ਤੋਂ ਭਿੰਨ ਹਨ, ਕਿਉਂਕਿ ਕੁਝ ਮਾਡਲ ਵਿਅਕਤੀਗਤ ਤਰੀਕਿਆਂ ਨੂੰ ਤਰਜੀਹ ਦਿੰਦੇ ਹਨ ਜਦਕਿ ਕੁਝ ਲਚੀਲੇਪਨ 'ਤੇ ਅਤੇ ਸਿੱਖਿਆਰਥੀ ਦੇ ਅਨੁਕੂਲ ਹੋਣ 'ਤੇ ਜ਼ੋਰ ਦਿੰਦੇ ਹਨ।

ਬਹੁਤ ਸਾਰੇ ਲੋਕਾਂ ਦੀ ਇਹ ਮਾਨਤਾ ਹੈ ਕਿ ਹਰ ਇਕ ਵਿਅਕਤੀ ਦੇ ਵੱਖ-ਵੱਖ ਸਿੱਖਣ ਸਟਾਇਲ ਅਤੇ ਤਕਨੀਕਾਂ ਹੁੰਦੀਆਂ ਹਨ। ਹਰੇਕ ਦਾ ਇਕ ਮਿਸ਼ਰਿਤ ਸਿੱਖਣ ਸਟਾਇਲ ਹੈ। ਕੁਝ ਲੋਕਾਂ ਦਾ ਇਕ ਪ੍ਰਮੁੱਖ ਸਿੱਖਣ ਸਟਾਇਲ ਹੁੰਦਾ ਹੈ ਜਦਕਿ ਕੁਝ ਲੋਕ ਵੱਖ-ਵੱਖ ਹਾਲਾਤਾਂ ਵਿਚ ਵੱਖ-ਵੱਖ ਸਿੱਖਣ ਦੇ ਤਰੀਕੇ ਦੀ ਵਰਤੋਂ ਕਰਦੇ ਹਨ। ਨਾ ਤਾਂ ਕਿਸੇ ਦੇ ਸਿੱਖਣ ਦੇ ਤਰੀਕਿਆਂ ਦੇ ਮਿਸ਼ਰਿਣ ਦਾ ਕੋਈ ਸਹੀ ਅਨੁਪਾਤ ਹੈ ਤੇ ਨਾ ਕਿਸੇ ਦਾ ਕੋਈ ਵੀ ਸਿੱਖਣ ਦਾ ਤਰੀਕਾ ਫਿਕਸ ਹੈ। ਵਿਦਿਆਰਥੀ ਕਿਸੇ ਵੀ ਸਿੱਖਣ ਦੇ ਤਰੀਕੇ ਨੂੰ ਮੁੱਖ ਬਣਾਕੇ ਸਿੱਖ ਸਕਦਾ ਹੈ ਅਤੇ ਉਸ ਦੁਆਰਾ ਵਰਤੇ ਜਾ ਰਹੇ ਕਿਸੇ ਵੀ ਤਰੀਕੇ ਵਿਚ ਆਪਣੀ ਯੋਗਤਾ ਵਧਾ ਸਕਦਾ ਹੈ।

ਵਿਦਿਆਰਥੀਆਂ ਦੇ ਸਿੱਖਣ ਦੇ ਤਰੀਕਿਆਂ ਨੂੰ ਪਛਾਣ ਦੇ ਅਤੇ ਸਮਝ ਕੇ ਕੋਈ ਵੀ ਅਧਿਆਪਕ ਆਪਣੇ ਅਧਿਆਪਨ ਦੀ ਵਿਧੀ ਦੀ ਵਿਦਿਆਰਥੀਆਂ ਦੇ ਸਿੱਖਣ ਤਰੀਕਿਆਂ ਦੇ ਅਨੁਕੂਲ ਵਰਤ ਸਕਦਾ ਹੈ। ਇਸ ਦੇ ਨਤੀਜੇ ਵਜੋਂ ਬੱਚਿਆਂ ਦੇ ਸਿੱਖਣ ਦੀ ਰਫ਼ਤਾਰ ਅਤੇ ਗੁਣਵੱਤਾ ਵੱਧ ਸਕਦੀ ਹੈ। ਡੇਵਿਡ ਮੇਰਿਲ ਨੇ ਸਿੱਖਣ ਦੇ ਤਰੀਕਿਆ ਦੀ

ਵਰਤੋਂ ਦੀ ਬਹੁਤ ਹੀ ਵਧੀਆ ਹਿਦਾਇਤ ਦਿੱਤੀ ਹੈ- (i) ਬੱਚਿਆਂ ਨੂੰ ਪੜ੍ਹਾਏ ਜਾਣ ਵਾਲੇ ਵਿਸ਼ਾ-ਵਸਤੂ ਦੇ ਆਧਾਰ ਤੇ ਪੜ੍ਹਾਈ ਦੇ, ਟੀਚੇ ਨਿਰਧਾਰਿਤ ਚਾਹੀਦੇ ਹਨ। (ii) ਵਿਦਿਆਰਥੀਆਂ ਦੇ ਸਿੱਖਣ ਦੇ ਤਰੀਕਿਆਂ ਨੂੰ ਅਤੇ ਪਸੰਦ ਨੂੰ ਬੁਨਿਆਦੀ ਸਿੱਖਣ ਰਣਨੀਤੀਆਂ ਦੇ ਅਨੁਕੂਲ ਵਰਤਨਾ ਚਾਹੀਦਾ ਹੈ। ਮੈਰਿਲ ਦਾ ਮੰਨਣਾ ਹੈ ਕਿ ਜ਼ਿਆਦਾਤਰ ਬੱਚਿਆਂ ਨੂੰ ਆਪਣੇ ਸਿੱਖਣ ਦੇ ਤਰੀਕਿਆਂ ਦਾ ਗਿਆਨ/ਜਾਣਕਾਰੀ ਨਹੀਂ ਹੁੰਦੀ ਤੇ ਜੇ ਇਨ੍ਹਾਂ ਨੂੰ ਇਸ ਤਰ੍ਹਾਂ ਹੀ ਛੱਡ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਨਵੇਂ ਤਰੀਕੇ ਨਾਲ ਸਿੱਖਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਇਸ ਲਈ ਵਿਦਿਆਰਥੀ ਦੀ ਆਪਣੇ ਸਿੱਖਣ ਸਟਾਇਲ ਦੀ ਜਾਣਕਾਰੀ ਨੂੰ ਉਸ ਨੂੰ ਆਪਣੀ ਤਾਕਤ ਅਤੇ ਕਮਜ਼ੋਰੀ ਬਾਰੇ ਸਵੈ-ਜਾਗਰੂਕਤਾ ਵਧਾਉਣ ਲਈ ਵਰਤਿਆ ਜਾ ਸਕਦਾ ਹੈ।

### 2.2.6 ਸਾਰਾਂਸ਼ :

ਕੈਬ ਨੇ 1984 ਵਿਚ ਚਾਰ ਸਿੱਖਣ ਸ਼ੈਲੀਆਂ (accomodation, assimilation, convergng ਅਤੇ diverging) ਅਤੇ ਸਿੱਖਣ ਦੇ ਢੰਗਾਂ concrete experience (ਠੋਸ ਅਨੁਭਵ), reflective observation, (ਪੁਨਰ ਵਿਚਾਰ-ਨਿਰੀਖਣ, ਅਮੂਰਤ ਪਰਿਣਾਵਾਂ ਅਤੇ ਕਿਰਿਆਸ਼ੀਲ ਪ੍ਰਯੋਗ) ਦੀ ਪਛਾਣ ਕੀਤੀ। ਸਿੱਖਣ ਸ਼ੈਲੀ ਤੇ ਚਰਚਾ ਦੇ ਨਤੀਜੇ ਵਜੋਂ ਇਹ ਵੀ ਸੁਝਾਅ ਦਿੱਤੇ ਜਾਂਦੇ ਹਨ ਕਿ ਸਿਖਲਾਈ ਦੀ ਯੋਜਨਾ ਬਣਾਉਂਦੇ ਹੋਏ ਗਿਆਨਾਤਮਕ ਤਰੀਕਿਆਂ ਤੇ ਸਿੱਖਣ ਤਰੀਕਿਆਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ, ਕਿਉਂਕਿ ਹਰੇਕ ਵਿਅਕਤੀ ਸਿੱਖਣ ਦੇ ਵੱਖ-ਵੱਖ ਤਰੀਕਿਆ ਅਤੇ ਤਕਨੀਕਾਂ ਦੀ ਵਰਤੋਂ ਕਰਦਾ ਹੈ। ਹਰੇਕ ਦਾ ਕੋਈ ਇਕ ਮੁੱਖ ਸਿੱਖਣ ਤਰੀਕਾ ਨਾ ਹੋ ਕੇ ਵੱਖ-ਵੱਖ ਤਰੀਕਿਆਂ ਦਾ ਮਿਸ਼ਰਣ ਹੁੰਦਾ ਹੈ। ਸਿੱਖਣ ਤਰੀਕਿਆਂ ਦੀ ਜਾਣਕਾਰੀ ਅਧਿਆਪਕ ਨੂੰ ਬੱਚਿਆਂ ਪ੍ਰਤੀ ਹੋਰ ਵੀ ਸੰਵੇਦਨਸ਼ੀਲ ਬਣਾ ਦਿੰਦੀ ਹੈ। ਇਹ ਜਾਣਕਾਰੀ ਅਧਿਆਪਕ ਨੂੰ ਵਿਚਾਰਪੂਰਣ ਅਤੇ ਯੋਜਨਾਬੱਧ ਤਰੀਕੇ ਨਾਲ ਵਿਦਿਆਰਥੀਆਂ ਦੇ ਸਿੱਖਣ ਦੇ ਅਨੁਭਵਾਂ ਨੂੰ ਉਨ੍ਹਾਂ ਦੇ ਸਿੱਖਣ ਦੇ ਤਰੀਕਿਆਂ ਨਾਲ ਮੇਲ ਜਾਂ ਬੇਮੇਲ ਕਰਨ ਵਿਚ ਮਦਦ ਕਰਦੀ ਹੈ।

### 2.2.7 ਮੁੱਖ ਸੰਕਲਪ

1. ਸਿੱਖਣ ਸ਼ੈਲੀ - ਸਿੱਖਣ ਸ਼ੈਲੀ ਇਕ ਵਿਅਕਤੀ ਦੀ ਉਹ ਵਿਲੱਖਣ ਪਹੁੰਚ/ਉਪਾਗਮ ਹੈ ਜਿਹੜੀ ਕਿ ਉਸ ਦੀ ਤਾਕਤਾਂ, ਕਮਜ਼ੋਰੀਆਂ ਅਤੇ ਉਸ ਦੀ ਪਸੰਦ/ਤਰਜ਼ੀਹ ਤੇ ਅਧਾਰਿਤ ਹੁੰਦੀ ਹੈ।
2. Aural (ਸ੍ਰਵਣ/ਸੁਣਨਾ) - ਅਵਾਜ਼ ਸੰਬੰਧੀ।
3. ਬੋਧ/ਗਿਆਨਾਤਮਕ ਸ਼ੈਲੀ - ਗਿਆਨ ਅਤੇ ਸੂਚਨਾ ਦੇ ਇਕੱਠਾ ਕਰਨ ਅਤੇ ਆਯੋਜਨ ਸਬੰਧੀ।
4. Diverging - ਅਨੁਭਵ ਅਤੇ ਪੁਨਰ-ਵਿਚਾਰ ਸਬੰਧੀ।
5. Assimitating - ਸੋਚ ਅਤੇ ਪੁਨਰ-ਵਿਚਾਰ ਸਬੰਧੀ।
6. Canverging - ਸੋਚ ਅਤੇ ਕੰਮ ਕਰਨ ਸਬੰਧੀ।
7. Accomodation - ਕਰਨ (ਕੰਮ) ਅਤੇ ਅਨੁਭਵ ਸਬੰਧੀ।

### 2.2.8 ਸੁਝਾਏ ਪ੍ਰਸ਼ਨ :

1. ਸਿੱਖਣ ਸ਼ੈਲੀ ਦੀ ਪਰਿਭਾਸ਼ਾ ਦਿਓ ਅਤੇ ਵੱਖ-ਵੱਖ ਸਿੱਖਣ ਸ਼ੈਲੀਆਂ ਬਾਰੇ ਚਰਚਾ ਕਰੋ।
2. ਕੋਬ ਦੁਆਰਾ ਦਿੱਤੇ ਗਏ ਸਿੰਖਣ ਸ਼ੈਲੀ ਦੇ ਸਿਧਾਂਤ ਦੀ ਵਿਸਥਾਰਪੂਰਵਕ ਵਿਆਖਿਆ ਕਰੋ।
3. ਸਿੱਖਣ ਸ਼ੈਲੀ ਦੀਆਂ ਅਧਿਆਪਨ-ਸਿੱਖਣ ਪ੍ਰਕਿਰਿਆ ਵਿਚ ਉਪਯੋਗਤਾ ਬਾਰੇ ਚਰਚਾ ਕਰੋ।

### 2.2.9 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ


1. ਅਧਿਆਪਕਨ-ਸਿੱਖਣ ਪ੍ਰਕਿਰਿਆ - ਆਗਿਆਜੀਤ ਸਿੰਘ ਅਤੇ ਰਿਚਾ ਸ਼ਰਮਾ
2. Innovations in Teaching-Learning Process - S.S. Chauhan
3. Technology of Teching - R.A. Sharma

**ਵੈਬ-ਸੋਮੇ**


1. psy.ga.ac.uk/~steve/lstyles.rtm
2. edutechwiki.unige.ch/en/learningstyl.


**2.2.10 ਸਵੈ ਮੁਲਾਂਕਣ ਅਭਿਆਸ**

ਸਹੀ/ਗਲਤ ਦੱਸੋ

1. ਸਿੱਖਣ ਸ਼ੈਲੀ ਪੜ੍ਹਾਉਣ ਦਾ ਇਕ ਪ੍ਰਭਾਵਸ਼ਾਲੀ ਤਰੀਕਾ ਹੈ।
2. Reif (ਰੀਫ) ਦੇ ਅਨੁਸਾਰ ਵਿਦਿਆਰਥੀ ਵੇਖੇ ਹੋਏ ਦਾ 50% ਸਿੱਖਦਾ ਹੈ।
3. ਹਨੀ ਅਤੇ ਸਮਫੈਰਡ ਨੇ ਸਿੱਖਿਆਰਥੀਆਂ ਨੂੰ ਚਾਰ ਵਰਗਾਂ ਵਿਚ ਵੰਡਿਆ ਹੈ।
4. ਰਾਇਨਰ ਅਤੇ ਰਾਇਡਿੰਗ ਨੇ ਸਿੱਖਣ ਸ਼ੈਲੀ ਦੀਆਂ ਤਿੰਨ ਸ਼੍ਰੇਣੀਆਂ ਦੀ ਵਿਆਖਿਆ ਕੀਤੀ ਹੈ।
5. ਜ਼ੁਬਾਨੀ (ਭਾਸ਼ਾਈ) ਤਰੀਕੇ ਨਾਲ ਸਿੱਖਣ ਵਾਲੇ, ਬੋਲੀ ਅਤੇ ਤਸਵੀਰਾਂ ਨੂੰ ਤਰਜੀਹ ਦਿੰਦੇ ਹਨ।
6. ਕੋਬ ਦਾ ਸਿੱਖਣ ਸਟਾਇਲ ਅਨੁਭਵੀ ਸਿੱਖਣ ਸਿਧਾਂਤ ਤੇ ਆਧਾਰਿਤ ਹੈ।
7. ਸਿੱਟਾਵਾਦੀ-ਉਪਯੋਗਵਾਦੀ ਅਤੇ ਯੋਜਨਾ ਪਸੰਦ ਹੁੰਦੇ ਹਨ।

ਉੱਤਰ : (1) ਗਲਤ, (2) ਗਲਤ, (3) ਸਹੀ, (4) ਸਹੀ, (5) ਗਲਤ, (6) ਸਹੀ, (7) ਸਹੀ।

ਪਾਠ ਨੰ: 2.3 ਲੇਖਿਕਾ: ਅਮਿਤਾ ਕਾਯਸਥਾ

# ਸਿੱਖਣ ਵਾਤਾਵਰਣ: ਅਰਥ, ਸਿੱਖਣ ਵਾਤਾਵਰਣ ਦੇ ਸੰਗਠਨ ਦੀ ਲੋੜ

ਬਣਤਰ :

2.3.1 ਉਦੇਸ਼
2.3.2 ਭੂਮਿਕਾ
2.3.3 ਸਿੱਖਣ ਵਾਤਾਵਰਣ ਦਾ ਅਰਥ
2.3.3.1 ਸਿੱਖਣ ਵਾਤਾਵਰਣ ਦੀ ਪਰਿਭਾਸ਼ਾਵਾਂ
2.3.3.2 ਸਿੱਖਣ ਵਾਤਾਵਰਣ ਦੇ ਤੱਤ
2.3.4 ਸਿੱਖਣ ਵਾਤਾਵਰਣ ਦੇ ਕਾਰਜ
2.3.5 ਸਿੱਖਣ ਵਾਤਾਵਰਣ ਦੇ ਸੰਗਠਨ ਦੀ ਲੋੜ
2.3.6 ਸੰਗਠਨ ਦੀ ਵਿਧੀ
2.3.7 ਸਿੱਖਣ ਲਈ ਥਾਂ ਦੀ ਯੋਜਨਾ
2.3.8 ਸਾਰਾਂਸ਼
2.3.9 ਮੁੱਖ ਸੰਕਲਪ
2.3.10 ਸੁਝਾਏ ਪ੍ਰਸ਼ਨ
2.3.11 ਸੁਝਾਈ ਪੁਸਤਕਾਂ ਅਤੇ ਵੈਬ ਸੋਮੇ
2.3.12 ਸਵੈ-ਮੁਲਾਂਕਣ ਅਭਿਆਸ

## 2.3.1 ਉਦੇਸ਼ :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ

1. ਸਿੱਖਣ ਵਾਤਾਵਰਣ ਦੀ ਪਰਿਭਾਸ਼ਾ ਦੇਣ ਦੇ ਯੋਗ ਹੋਣਗੇ
2. ਸਿੱਖਣ ਵਾਤਾਵਰਣ ਦੇ ਸੰਕਲਪ ਨੂੰ ਸਮਝ ਸਕਣਗੇ
3. ਸਿੱਖਣ ਵਾਤਾਵਰਣ ਦੇ ਤੱਤਾਂ ਦੀ ਵਿਆਖਿਆ ਕਰ ਸਕਣਗੇ
4. ਸਿੱਖਣ ਵਾਤਾਵਰਣ ਦੇ ਕਾਰਜ ਵਾਰੇ ਚਰਚਾ ਕਰ ਸਕਣਗੇ
5. ਸਿੱਖਣ ਵਾਤਾਵਰਣ ਦੇ ਸੰਗਠਨ ਦੀ ਵਿਧੀ ਦੀ ਵਿਆਖਿਆ ਕਰ ਸਕਣਗੇ
6. ਸਿੱਖਣ ਵਾਤਾਵਰਣ ਦੇ ਸੰਗਠਨ ਦੀ ਲੋੜ ਨੂੰ ਸਮਝਣਗੇ

2.3. ਸਿੱਖਣ ਲਈ ਥਾਂ ਦੀ ਯੋਜਨਾ ਦੀ ਮਹਤੱਤਾ ਬਾਰੇ ਚਰਚਾ ਕਰ ਸਕਣਗੇ

## 2.3.2 ਭੂਮਿਕਾ:

ਕੋਈ ਵੀ ਅਧਿਆਪਕ ਜਮਾਤ ਵਿੱਚ ਭਾਵੇ ਉਹ ਛੋਟੀ ਹੋਵੇ ਜਾਂ ਵੱਡੀ ਆਪਣੀ ਜਿੰਦਗੀ ਦਾ ਬਹੁਤ ਸਮਾਂ ਬਿਤਾਉਂਦਾ ਹੈ। ਕਦੇ ਤੁਸੀਂ ਇਹ ਵੇਖਿਆ ਹੈ ਕਿ ਉਹ ਸਿੱਖਣ ਨੂੰ ਰੂਚੀ ਪੂਰਣ ਬਣਾਉਣ ਲਈ ਕੀ ਕਰਦਾ ਹੈ? ਕਿ ਉਹ ਰੰਗ ਬਿਰੰਗੇ ਪੋਸਟਰ, ਜਾਂ ਸਪਸ਼ਟ ਅਤੇ ਇਕੋਸਾਰ ਨਿਯਮ ਜਾਂ ਮਜ਼ੇਦਾਰ ਅਤੇ ਰੂਚੀ ਪੂਰਣ ਅਧਿਆਪਨ ਵਿਧੀਆਂ ਦੀ ਵਰਤੋਂ ਕਰਦਾ ਹੈ। ਕੀ ਤੁਸੀਂ ਇਸ ਤਰ੍ਹਾਂ ਦੇ ਅਧਿਆਪਕ ਦੇ ਸੰਪਰਕ ਵਿਚ ਕਦੇ ਆਏ ਹੋ ਤਾਂ ਤੁਸੀਂ ਬਹੁਤ ਕਿਸਮਤ ਵਾਲੇ ਹੋ। ਜਮਾਤ ਵਿਚ ਚੰਗਾ ਸਿਖਣ ਦਾ ਵਾਤਾਵਰਣ ਬਣਾਉਣਾ ਇਹ ਕੋਈ ਪ੍ਰਭਾਵਸ਼ਾਲੀ ਅਤੇ ਨਿਸ਼ਠਾਵਾਨ ਅਧਿਆਪਕ ਹੀ ਕਰ ਸਕਦਾ ਹੈ। ਜਮਾਤ ਦਾ ਵਧੀਆ ਮਾਹੌਲ ਵਿਦਿਆਰਥੀਆਂ ਦੀਆਂ ਸਫਲਤਾਵਾਂ ਤੇ ਕਈ ਤਰ੍ਹਾਂ ਪ੍ਰਭਾਵ ਪਾਉਂਦਾ ਹੈ। ਜੇ ਜਮਾਤ ਦਾ ਵਾਤਾਵਰਣ ਚੰਗਾ ਨਾ ਹੋਵੇ ਤਾਂ ਉਸ ਦਾ ਵਿਦਿਆਰਥੀਆਂ ਤੇ ਬੁਰਾ ਪ੍ਰਭਾਵ ਪੈਂਦਾ ਹੈ ਜਿਵੇਂ ਕਿ ਵਿਦਿਆਰਥੀ ਵਿਚ ਤਣਾਓ, ਦਬਾਓ,

ਘੱਟ ਪੱਧਰ ਦੀ ਪ੍ਰਾਪਤੀ ਅਤੇ ਮਾੜਾ ਵਿਵਹਾਰ ਆਦਿ। ਇਕ ਪ੍ਰਭਾਵਸ਼ਾਲੀ ਅਧਿਆਪਕ ਜਮਾਤ ਵਿਚ ਚੰਗਾ ਧਨਾਤਮਕ ਸਿੱਖਣ ਵਾਤਾਵਰਣ ਬਣਾਉਣ ਲਈ ਕੜੀ ਮਿਹਨਤ ਕਰਦਾ ਹੈ ਅਤੇ ਵਿਦਿਆਰਥੀਆਂ ਲਈ ਆਰਾਮਦਾਇਕ ਮਾਹੌਲ ਬਣਾਉਂਦਾ ਹੈ ਜਿਸ ਵਿਚ ਉਹ ਵਿਸ਼ਵਾਸ਼ ਨਾਲ ਸਿੱਖ ਸਕਣ।

**2.3.3 ਸਿੱਖਣ ਵਾਤਾਵਰਣ ਦਾ ਅਰਥ :**

ਸਿੱਖਣ ਵਾਤਾਵਰਣ ਹਵਾਲਾ ਦਿੰਦਾ ਹੈ ਉਨ੍ਹਾਂ ਵੱਖ-ਵੱਖ ਭੌਤਿਕ ਟਿਕਾਣਿਆ ਦਾ ਪ੍ਰਸੰਗਾਂ ਦਾ ਅਤੇ ਸਭਿਆਚਾਰ ਦਾ ਜਿਸ ਵਿਚ ਵਿਦਿਆਰਥੀ ਸਿੱਖਦਾ ਹੈ। ਵਿਦਿਆਰਥੀ ਵੱਖ-ਵੱਖ ਤਰ੍ਹਾਂ ਦੀਆਂ ਸੈਟਿੰਗ (ਸਥਿਤੀਆਂ) ਵਿਚ ਸਿੱਖ ਸਕਦਾ ਹੈ ਜਿਵੇਂ ਕਿ ਸਕੂਲ ਦੇ ਬਾਹਰ ਦੀ ਥਾਂ (ਟਿਕਾਣੇ) ਜਾਂ ਬਾਹਰੀ ਵਾਤਾਵਰਣ। ਆਮ ਤੌਰ ਤੇ ਇਹ ਸ਼ਬਦ ਜਮਾਤ ਦੇ ਕਮਰੇ ਦੇ ਵਿਕਲਪ ਦੇ ਤੌਰ ਤੇ ਵਰਤਿਆ ਜਾਂਦਾ ਹੈ। ਪਰੰਪਰਾਗਤ ਅਰਥ ਅਨੁਸਾਰ ਜਮਾਤ ਦਾ ਕਮਰਾ ਉਹ ਥਾਂ ਹੈ ਜਿੱਥੇ ਕਿ ਡੈਸਕ (Desk) ਕਤਾਰ ਵਿਚ ਲੱਗੇ ਹੁੰਦੇ ਨੇ ਅਤੇ ਇਕ ਚਾਕ ਬੋਰਡ ਹੁੰਦਾ ਹੈ।

ਸਿੱਖਣ ਵਾਤਾਵਰਣ ਸਕੂਲ ਜਾਂ ਕਲਾਸ ਦੇ ਸਭਿਆਚਾਰ ਨੂੰ ਵੀ ਸ਼ਾਮਲ ਕਰਦਾ ਹੈ। ਇਸ ਵਿਚ ਪ੍ਰਧਾਨ ਨੇ ਲੈਕਚਰਾਰ ਅਤੇ ਗੁਣ ਕਿਵੇਂ ਵਿਅਕਤੀ ਆਪਸ ਵਿਚ ਗੱਲਬਾਤ ਕਰਦੇ ਨੇ ਅਤੇ ਕਿਵੇਂ ਇਕ ਦੂਜੇ ਨਾਲ ਵਿਵਹਾਰ ਕਰਦੇ ਨੇ। ਸਿੱਖਣ ਨੂੰ ਅਸਾਨ ਬਣਾਉਣ ਲਈ ਅਧਿਆਪਕ ਕਿਸ ਤਰ੍ਹਾਂ ਸਿੱਖਣ ਦੀ ਸਥਿਤੀ ਦਾ ਸੰਗਠਨ ਕਰਦੇ ਨੇ, ਜਿਵੇਂ ਕਿ ਵਿਸ਼ੇਸ਼ ਤਰੀਕਿਆਂ ਨਾਲ ਜਮਾਤ ਵਿੱਚ ਡੈਸਕਾਂ ਦੇ ਸਮੂਹ ਬਣਾਉਣਾ, ਸਿੱਖਣ ਸਾਮਗਰੀ ਦੁਆਰਾ ਦੀਵਾਰਾਂ ਨੂੰ ਸਜਾਉਣਾ, ਦ੍ਰਿਸ਼-ਸੁਣਨ ਸਾਧਨਾਂ ਅਤੇ ਡਿਜਿਟਲ ਟੈਕਨਾਲੋਜੀ ਦੀ ਵਰਤੋਂ ਕਰਨਾ ਅਤੇ ਸੁਯੋਗ ਪ੍ਰਕ੍ਰਿਤਿਕ ਪਰਿਸਥਿਤੀ ਪ੍ਰਬੰਧ ਜਮਾਤਾਂ ਦਾ ਸੰਚਾਲਨ ਕਰਨਾ। ਸਿੱਖਣ ਵਾਤਾਵਰਣ ਦੇ ਗੁਣ ਅਤੇ ਵਿਸ਼ੇਸ਼ਤਾਵਾਂ ਵੱਖ-ਵੱਖ ਤੱਤਾਂ ਤੇ ਨਿਰਭਰ ਕਰਦੇ ਹਨ-ਜਿਵੇਂ ਕਿ ਸਕੂਲ ਦੀ ਨੀਤੀਆਂ ਸੰਚਾਲਨ ਆਦਿ ਇਕ ਕਰਕੇ ਇਨ੍ਹਾਂ ਨੂੰ ਸਿੱਖਣ ਵਾਤਾਵਰਣ ਦੇ ਤੱਤ ਵੀ ਕਿਹਾ ਜਾ ਸਕਦਾ ਹੈ।

ਸਿੱਖਿਆ ਸ਼ਾਸ਼ਤਰੀ ਇਹ ਵੀ ਦਲੀਲ ਦਿੰਦੇ ਹਨ ਕਿ ਸਿੱਖਣ ਵਾਤਾਵਰਣ ਸਿੱਧੇ ਅਤੇ ਅਸਿੱਧੇ ਤੌਰ ਤੇ ਵਿਦਿਆਰਥੀ ਦੇ ਸਿੱਖਣ ਨੂੰ ਪ੍ਰਭਾਵਿਤ ਕਰਦਾ ਹੈ। ਇਸ ਤੋਂ ਇਲਾਵਾ ਸਿੱਖਣ ਵਾਤਾਵਰਣ ਵਿਦਿਆਰਥੀ, ਪੜਾਉਣ ਵਾਲੇ ਵਿਸ਼ਾਵਸ਼ਤੂ, ਉਨ੍ਹਾਂ ਦੀ ਸਿੱਖਣ ਲਈ ਪ੍ਰੇਰਣਾ, ਉਨ੍ਹਾਂ ਦੇ ਹਾਲ ਚਾਲ ਅਤੇ ਉਨ੍ਹਾਂ ਦੀ ਸੁਰਖਿਆ ਨੂੰ ਵੀ ਪ੍ਰਭਾਵਿਤ ਕਰਦਾ ਹੈ।

ਜਮਾਤ ਵਿੱਚ ਕਈ ਵਾਰ ਕਿਰਿਆ ਦੇ ਬਹੁਤੇ ਪ੍ਰਭਾਵ ਹੋ ਸਕਦੇ ਹਨ। ਘੱਟ ਯੋਗਤਾ ਵਾਲੇ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਪਰੰਤੂ ਉਹ ਵਿਚਾਰ-ਵਟਾਂਦਰੇ ਨੂੰ ਧੀਮਾ ਕਰ ਸਕਦੇ ਹਨ ਜਿਸ ਨਾਲ ਜਮਾਤ ਦੇ ਪ੍ਰਬੰਧ ਦੀ ਸੱਮਸਿਆ ਹੋ ਸਕਦੀ ਹੈ।

**2.3.3.1 ਸਿੱਖਣ ਵਾਤਾਵਰਣ ਦੀਆਂ ਪਰਿਭਾਸ਼ਾਵਾਂ**

**ਸਿੱਖਣ ਵਾਤਾਵਰਣ:-** ਵਾਤਾਵਰਣ ਦੇ ਵਿਸ਼ਾਲ ਅਰਥ ਅਨੁਸਾਰ ਵਾਤਾਵਰਣ ਤੋਂ ਭਾਵ ਹੈ ਉਸ ਵਿਅਕਤੀ ਦਾ ਸਾਰਾ ਆਲਾ-ਦੁਆਲਾ ਅਤੇ ਆਲੇ-ਦੁਆਲੇ ਦੇ ਹਾਲਾਤਾਂ ਤੋਂ ਹੈ ਜਿਸ ਵਿੱਚ ਉਹ ਜਿਉਂਦਾ ਹੈ ਜਾਂ ਕੰਮ-ਕਾਰਜ ਕਰਦਾ ਹੈ। ਵਾਤਾਵਰਣ ਗਤੀਸ਼ੀਲ ਹੁੰਦਾ ਹੈ। ਇਹ ਹਮੇਸ਼ਾਂ ਅੰਦਰੂਨੀ ਜਾਂ ਬਾਹਰੀ ਅਨੁਕਿਰਿਆਵਾਂ ਦੇ ਪ੍ਰਭਾਵ ਕਾਰਨ ਬਦਲਦਾ ਰਹਿੰਦਾ ਹੈ।

ਇਕ ਸਿੱਖਣ ਵਾਤਾਵਰਣ ਵਿੱਚ ਵੱਖ-ਵੱਖ ਪੱਧਰਾਂ ਤੇ ਪ੍ਰਬੰਧਕ, ਅਕਾਦਮਿਕ ਸਾਹਿਰ, ਅਨੁਦੇਸ਼ਾਤਮਿਕ ਡਿਜ਼ਾਇਨਰ, ਸਿਧਾਂਤ ਬਣਾਉਣ ਵਾਲੇ ਖੋਜ ਕਰਤਾ, ਅਮਲਾ ਅਤੇ ਵਿਦਿਆਰਥੀ ਸ਼ਾਮਿਲ ਹਨ।

'ਸਿੱਖਣ ਵਾਤਾਵਰਣ' ਇਕ ਸਕੂਲ, ਜਮਾਤ ਦਾ ਕਮਰਾ ਅਤੇ ਪੁਸਤਕਾਲੇ ਦੀ ਥਾਂ ਅਤੇ ਜਗ੍ਹਾ ਬਾਰੇ ਸੁਝਾਓ ਦਿੰਦਾ ਹੈ। ਬੇਸ਼ੱਕ ਇੱਕ੍ਹਵੀਂ ਸਦੀ ਵਿੱਚ ਸਿੱਖਣਾ ਭੌਤਿਕ ਸਥਿਤੀਆਂ ਵਿੱਚ ਹੁੰਦਾ ਹੈ।

ਦੂਜੇ ਸ਼ਬਦਾਂ ਵਿੱਚ ਸਿੱਖਣ ਹੁਣ ਰਵਾਇਤੀ ਸਕੂਲ ਜਾਂ ਕਲਾਸਰੂਮ ਤੱਕ ਸੀਮਿਤ ਨਹੀਂ ਹੈ। ਸਿੱਖਣ ਵਾਤਾਵਰਣ ਇਕ ਸਹਾਇਕ ਪ੍ਰਣਾਲੀ ਜਾਂ ਪ੍ਰਬੰਧ ਹੈ ਜੋ ਉਨ੍ਹਾਂ ਹਲਾਤਾਂ ਦਾ ਸੰਗਠਨ ਕਰਦਾ ਹੈ ਜਾਂ ਪ੍ਰਬੰਧ ਕਰਦਾ

ਹੈ ਜਿਸ ਵਿੱਚ ਮਨੁੱਖ ਸਭ ਤੋਂ ਵਧੀਆ ਸਿੱਖਦਾ ਹੈ। ਇਕ੍ਵੀਂ ਸਦੀ ਦਾ ਸਿੱਖਣ ਵਾਤਾਵਰਣ ਪ੍ਰਬੰਧਾਂ ਦੇ ਗਠਜੋੜ ਦਾ ਪ੍ਰਬੰਧ ਜਿਹੜਾ ਹੇਠ ਲਿਖੇ ਖੇਤਰਾਂ ਵਿੱਚ ਮਦਦ ਕਰਦਾ ਹੈ:

1. ਸਿੱਖਣ ਅਭਿਆਸ ਮੱਨੁਖੀ ਸਹਾਇਤਾ ਅਤੇ ਭੌਤਿਕ ਵਾਤਾਵਰਣ ਸਿਰਜਣ ਲਈ ਮਦਦ ਕਰਦਾ ਹੈ ਜਿਹੜਾ ਇੱਕ੍ਵੀਂ ਸਦੀ ਦੇ ਸਿੱਖਣ-ਸਿਖਾਉਣ ਵਿੱਚ ਸਹਾਇਕ ਹੁੰਦਾ ਹੈ।
2. ਕਿਤੱਈ ਸਿੱਖਣ ਸਮੁਦਾਇ ਦੀ ਮਦਦ ਕਰਦਾ ਹੈ ਜਿਸ ਨਾਲ ਇੱਕ੍ਵੀਂ ਸਦੀ ਦੇ ਹੁਨਰਾਂ ਨੂੰ ਅਧਿਆਪਕ ਇੱਕਠੇ ਕਰਣ ਅਤੇ ਕਲਾਸਰੂਮ ਵਿੱਚ ਅਭਿਆਸ ਕਰਨ ਦੇ ਯੋਗ ਬਣਦੇ ਹਨ।
3. ਇਸ ਨਾਲ ਵਿਦਿਆਰਥੀ ਸਬੰਧਿਤ ਅਤੇ ਵਾਸਤਵਿਕ ਸੰਸਾਰ ਦੇ ਪ੍ਰਸੰਗ ਵਿੱਚ ਸਿੱਖਣ ਦੇ ਯੋਗ ਹੁੰਦੇ ਹਨ।

**ਸਾਰੰਸ਼:** ਸਿੱਖਣ ਵਾਤਾਵਰਣ ਇਕ ਭੌਤਿਕ ਅਤੇ ਵਾਸਤਵਿਕ ਵਿਵਸਥਾ ਹੈ ਜਿਸ ਵਿੱਚ ਸਿੱਖਣ ਦੀ ਪ੍ਰਕ੍ਰਿਆ ਵਾਪਰਦੀ ਹੈ।

ਦੂਸਰੇ ਸ਼ਬਦਾਂ ਵਿੱਚ ਸਿੱਖਣ ਵਾਤਾਵਰਣ ਵਿੱਚ ਉਹ ਸਾਰੇ ਤੱਤ ਅਤੇ ਗਤੀਵਿਧੀਆਂ ਸ਼ਾਮਲ ਹਨ ਜਿਸ ਵਿੱਚ ਸਿੱਖਣ ਵਾਪਰਦਾ ਹੈ।

### **2.3.**3.2 ਸਿੱਖਣ ਵਾਤਾਵਰਣ ਦੇ ਤੱਤ:

ਸਿੱਖਣ ਵਾਤਾਵਰਣ ਨੂੰ ਸਿੱਖਣ ਦੇ ਅਨੁਰੂਪ ਬਣਾਉਣ ਵਾਲੇ ਸਿੱਖਣ ਵਾਤਾਵਰਣ ਦੇ ਤੱਤ ਹੇਠ ਲਿਖੇ ਅਨੁਸਾਰ ਹਨ:-

1. ਭੌਤਿਕ ਵਾਤਾਵਰਣ
2. ਮਨੋਵਿਗਿਆਨਕ ਵਾਤਾਵਰਣ
3. ਨਿਰਦੇਸ਼ਾਤਮਕ ਵਾਤਾਵਰਣ

**1. ਭੌਤਿਕ ਵਾਤਾਵਰਣ :**

ਇਸ ਵਿੱਚ ਸ਼ਾਮਿਲ ਹੈ ਕਿ ਜਮਾਤ ਵਿੱਚ ਜਗ੍ਹਾ ਦੀ ਵਰਤੋਂ-ਜਿਵੇ ਕਿ ਫਰਨੀਚਰ ਦੀ ਵਿਵਸਥਾ ਅਤੇ ਸੰਗਠਨ, ਸਮੱਗਰੀ ਦਾ ਰਖ-ਰਖਾਣ ਅਤੇ ਸੰਭਾਲ, ਜਮਾਤ ਦੀ ਸਫਾਈ, ਰੰਗ ਅਤੇ ਰੋਸ਼ਨੀ ਦੀ ਵਿਵਸਥਾ। ਅਸੀਂ ਇਹ ਸੋਚ ਵੀ ਨਹੀਂ ਸਕਦੇ ਕਿ ਕੋਈ ਕਲਾਸ ਰੂਮ ਜਿਸ ਵਿੱਚ ਬਹੁਤੀ ਹੀ ਘੱਟ ਰੋਸ਼ਨੀ ਹੋਵੇ, ਫਰਸ਼ ਤੇ ਧੂਲ-ਮਿਟੀ ਜਮੀ ਹੋਵੇ, ਵਿਰਖੀ ਹੋਈ ਕਿਤਾਬਾਂ ਦੀ ਸੈਲਫਾਂ ਹੋਣ ਅਤੇ ਨਾਮਮਾਤਰ ਸੁਵਿਧਾਵਾ ਹੋਣ ਤੇ, ਇਹੋ ਜਿਹੇ ਹਾਲਾਤ ਵਿੱਚ ਬੱਚੇ ਸਿੱਖ ਸਕਣ।

**2. ਮਨੋਵਿਗਿਆਨਿਕ ਵਾਤਾਵਰਣ :**

ਜਮਾਤ ਦੇ ਮਨੋਵਿਗਿਅਨਿਕ ਵਾਤਾਵਰਣ ਤੋਂ ਭਾਵ ਹੈ ਕਿ ਵਿਦਿਆਰਥੀ ਆਪਣੇ ਸਿੱਖਣ ਬਾਰੇ ਕੀ ਮਹਿਸੂਸ ਕਰਦੇ ਹਨ। ਅਧਿਆਪਕ ਨੂੰ ਚਾਹਿਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਜਮਾਤ ਦੇ ਵਿਸ਼ੇਸ਼ ਨਿਯਮ ਅਤੇ ਉਹਨਾਂ ਦੇ ਨਤੀਜੇ ਪਹਿਲਾਂ ਤੋਂ ਹੀ ਸਪੱਸ਼ਟ ਕਰ ਦੇਵੇ, ਅਧਿਆਪਕ ਸ਼ਾਤ-ਸੁਭਾਅ ਦਾ ਹੋਵੇ, ਸਹਿਨਸ਼ੀਲ ਹੋਵੇ ਅਤੇ ਬੋਧਿਕ ਅਤੇ ਸਮਾਜਿਕ ਤੋਰ ਤੇ ਵਿਦਿਆਰਥੀਆਂ ਦੇ ਸਿੱਖਣ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਕੇਂਦਰਿਤ ਹੋਵੇ। ਅਧਿਆਪਕ ਦਾ ਆਪਣੀ ਜਮਾਤ ਤੇ ਕੰਟਰੋਲ ਹੋਵੇ, ਇਹ ਉਦੋਂ ਹੀ ਸੰਭਵ ਹੈ ਜਦੋ ਅਧਿਆਪਕ ਵਿਦਿਆਰਥੀਆਂ ਲਈ ਇਕ ਆਦਰਸ਼ ਮਾਡਲ ਹੋਵੇ ਅਤੇ ਉਸ ਦੀ ਕਥਣੀ ਅਤੇ ਕਰਨੀ ਵਿੱਚ ਕੋਈ ਅੰਤਰ ਨਾ ਹੋਵੇ। ਅਧਿਆਪਕ ਨੂੰ ਇਹ ਗਿਆਤ ਹੋਣਾ ਚਾਹਿਦਾ ਹੈ ਕਿ ਵਿਦਿਆਰਥੀ ਉਸ ਸਮੇਂ ਨਕਾਰਾਤਮਕ ਪ੍ਰਤਿਕਿਰਿਆ ਦੇਣਗੇ (ਜਾਂ ਰੋਸ ਜਾਹਿਰ ਕਰਨਗੇ) ਜਦੋਂ ਉਹਨਾਂ ਨੂੰ ਲੱਗੇਗਾ ਕਿ ਉਹਨਾਂ ਨਾਲ ਕੁਝ ਗਲਤ ਹੋ ਰਿਹਾ ਹੈ, ਕੋਈ ਪੱਖਪਾਤ ਹੋ ਰਿਹਾ ਹੈ, ਜਾਂ ਕੁਝ ਅਨਿਸ਼ਚਿਤ ਹੈ, ਜਾਂ ਜਦੋਂ ਉਹਨਾਂ ਨੂੰ ਮਹਿਸੂਸ ਹੋਵੇ

ਕਿ ਉਹਨਾਂ ਨੂੰ ਕੋਈ ਸੱਮਸਿਆ ਆਉਣ ਵਾਲੀ ਹੈ। ਇਨ੍ਹਾਂ ਹਲਾਤਾ ਵਿੱਚ ਜਮਾਤ ਦਾ ਵਾਤਾਵਰਣ ਵਿਦਿਆਰਥੀਆਂ ਦੇ ਸਿੱਖਣ ਲਈ ਸਹਾਈ ਨਹੀਂ ਹੁੰਦਾ ਹੈ।

3. **ਨਿਰਦੇਸ਼ਾਤਮਕ ਵਾਤਾਵਰਣ :**

ਅਧਿਆਪਕ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਕੀ ਪੜ੍ਹਾ ਰਿਹਾ ਹੈ, ਇਸ ਦੇ ਨਾਲ ਨਾਲ ਇਹ ਵੀ ਓੱਨਾ ਹੀ ਜ਼ਰੂਰੀ ਹੈ ਕਿ ਉਹ ਕਿਵੇਂ ਪੜਾ ਰਿਹਾ ਹੈ। ਜੇ ਉਹ ਬਹੁਤ ਰਫਤਾਰ ਨਾਲ ਪੜ੍ਹਾਉਂਦਾ ਹੈ ਤਾਂ ਚੰਗੀ ਤਰ੍ਹਾਂ ਵਿਆਖਿਆ ਨਹੀਂ ਕਰ ਸਕਦਾ, ਅਤੇ ਜੇ ਉਹ ਕਿਸੇ ਇਹੋ ਜਿਹੀ ਤਕਨੀਕ ਦੀ ਵਰਤੋਂ ਕਰਦਾ ਹੈ ਜਿਸ ਰਾਹੀਂ ਉਸ ਦੇ ਵਿਦਿਆਰਥੀਆਂ ਨੂੰ ਕੁਝ ਸਮਝ ਨਹੀਂ ਆਉਂਦੀ, ਇਨ੍ਹਾਂ ਹਲਾਤਾਂ ਵਿੱਚ ਉਸ ਦੇ ਸਿਖਿਆਰਥੀ ਚੰਗੇ ਗਰੇਡ ਨਹੀਂ ਪ੍ਰਾਪਤ ਕਰ ਸਕਦੇ। ਨਿਰਦੇਸ਼ਾਤਮਕ ਵਾਤਾਵਰਣ ਇਕ ਇਹੋ ਜਿਹੀ ਵਿਵਸਥਾ ਹੈ ਜਿਸ ਵਿੱਚ ਸਾਰਾ ਅਧਿਆਪਨ ਹੁੰਦਾ ਹੈ। ਅਧਿਆਪਕ ਆਪਣੇ ਨਿਰਦੇਸ਼ਨ ਦੀ ਯੋਜਨਾ ਬਣਾਉਣ ਵੇਲੇ ਇਸ ਗੱਲ ਨੂੰ ਯਕੀਨੀ ਬਣਾਉਂਦਾ ਹੈ ਕਿ ਉਸ ਦੇ ਵਿਦਿਆਰਥੀ ਵੱਖ-ਵੱਖ ਅਧਿਆਪਨ ਅਭਿਆਸ ਜਿਵੇਂ ਕਿ ਭਾਸ਼ਨ, ਹੱਥੀ ਕਿਰਿਆਵਾਂ, ਸਰਕਾਰੀ ਸਿੱਖਣ ਸਮੂਹ ਅਤੇ ਵਧੇਰੇ ਛੋਟੇ ਸਮੂਹ ਅਤੇ ਵਿਅਕਤਿਗਤ ਕਿਰਿਆਵਾਂ ਦਾ ਪ੍ਰਯੋਗ ਕਰਨ ਅਤੇ ਸਮਝਣ ਦੇ ਯੋਗ ਬਣਨਗੇ।

**ਛੋਟੇ ਉੱਤਰ ਵਾਲੇ ਪ੍ਰਸ਼ਨ :**

1. ਸਿੱਖਣ ਵਾਤਾਵਰਣ ਦੀ ਪਰਿਭਾਸ਼ਾ ਦਿਓ।
2. ਸਿੱਖਣ ਵਾਤਾਵਰਣ ਦੇ ਤੱਤਾਂ ਦੀ ਵਿਆਖਿਆ ਕਰੋ।

**2.3.4 ਸਿੱਖਣ ਵਾਤਾਵਰਣ ਦੇ ਕਾਰਜ :**

ਡਸਚਰੇਅਰ (Deschryer) ਅਤੇ ਪੀਰਾਯਾ (Peraya) ਦੇ ਅਨੁਸਾਰ ਸਿੱਖਣ ਅਤੇ ਅਧਿਆਪਨ ਵਾਤਾਵਰਣ ਦੇ ਹੇਠ ਲਿਖੇ ਕਾਰਜ ਹੁੰਦੇ ਹਨ:

1. ਸੂਚਨਾ ਉਪਲਬਧ ਕਰਵਾਉਣਾ
2. ਅਧਿਆਪਕ, ਸਿੱਖਿਆਰਥੀ ਅਤੇ ਵਾਤਾਵਰਣ ਵਿਚਕਾਰ ਸੰਚਾਰ
3. ਸਹਿਯੋਗ: ਇਕ ਦੂਜੇ ਦੇ ਸਹਿਯੋਗ ਨਾਲ ਕੰਮ ਕਰਨਾ
4. ਬਣਾਉਣਾ-ਸਿੱਖਣ ਰਾਹੀਂ ਵਿਵਹਾਰ ਵਿੱਚ ਤਬਦੀਲੀ
5. ਮਚਾਣ-ਵਿਦਿਆਰਥੀ ਆਪਣੇ ਆਪ ਚੰਗੀ ਤਰ੍ਹਾਂ ਸਿੱਖਣ, ਇਸ ਲਈ ਵੱਖ-ਵੱਖ ਨਿਰਦੇਸ਼ਨ ਤਕਨੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਰਾਹੀਂ ਸਿੱਖਣ ਪ੍ਰਕ੍ਰਿਆ ਹੋਰ ਵੀ ਸਵਤੰਤਰ ਬਣਦੀ ਹੈ। ਅਧਿਆਪਕ ਹਰੇਕ ਪੜਾਅ ਤੇ ਵਿਦਿਆਰਥੀਆਂ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ ਜਿਹੜੀ ਕਿ ਵਿਦਿਆਰਥੀਆਂ ਦੀ ਬੋਧ/ਸਮਝ ਦੇ ਉੱਚ ਪਧਰਾਂ ਨੂੰ ਹਾਸਲ ਕਰਨ ਵਿੱਚ ਅਤੇ ਹੁਨਰ ਸਿੱਖਣ ਵਿੱਚ ਸਹਾਈ ਹੁੰਦੀ ਹੈ ਜਿਹੜੇ ਪੱਧਰ ਉਹ (ਵਿਦਿਆਰਥੀ) ਬਿਨ੍ਹਾਂ ਕਿਸੇ ਸਹਾਇਤਾ ਦੇ ਹਾਸਲ ਨਹੀਂ ਕਰ ਸਕਦੇ ਹਨ। ਅਧਿਆਪਕ ਸਹਾਇਕ ਰਣਨੀਤਿਆਂ ਨੂੰ ਹੋਲੀ-ਹੋਲੀ ਬਰਖਾਸਤ ਕਰ ਦਿੰਦਾ ਹੈ ਜਦੋਂ ਉਹਨਾਂ ਦੀ ਲੋੜ ਨਹੀਂ ਹੁੰਦੀ। ਅਧਿਆਪਕ ਹੋਲੀ-ਹੋਲੀ ਸਿੱਖਣ ਪ੍ਰਕ੍ਰਿਆ ਦੀ ਜਿਮੇਦਾਰੀ ਵਿਦਿਆਰਥੀਆਂ ਤੇ ਪਾ ਦਿੰਦਾ ਹੈ। ਸਚਾਣ ਤਕਨੀਕ ਦੀ ਵਰਤੋਂ ਅਧਿਆਪਕ ਸਿੱਖਣ ਵਿੱਚ ਆਏ ਅੰਤਰ/ਘਾਟ ਨੂੰ ਦੂਰ ਕਰਨ ਲਈ ਵਰਤਦਾ ਹੈ।
6. ਸਿੱਖਣ ਵਾਤਾਵਰਣ ਦੀ ਲੋੜਾਂ ਦਾ ਪ੍ਰਬੰਧ ਕਰਨਾ।

**ਸਿੱਖਣ ਵਾਤਾਵਰਣ ਦਾ ਵਿਕਾਸ ਕਰਨਾ :**

ਹੇਠ ਦਿੱਤੇ ਹੋਏ ਚਾਰ ਪਹਿਲੂਆਂ ਤੇ ਕੇਂਦਰਿਤ ਕਰਦੇ ਹੋਏ ਇਕ ਪ੍ਰਭਾਵਸ਼ਾਲੀ ਸਿੱਖਣ ਵਾਤਾਵਰਣ ਦਾ ਵਿਕਾਸ ਕੀਤਾ ਜਾ ਸਕਦਾ ਹੈ।

1. **ਅਰਥ ਤੇ ਕੇਂਦਰਿਤ ਕਰਨਾ :** ਅਰਥ ਪੂਰਣ ਸਿੱਖਣ ਉਪਲਬਧੀ ਵਿੱਚ ਵਾਧਾ ਅਤੇ ਉਨ੍ਹਾਂ ਪ੍ਰਕ੍ਰਿਆਵਾਂ ਨੂੰ ਬਣਾਉਣਾ ਜਿਹੜੀ ਸਿੱਖਣ ਵਿੱਚ ਸਹਾਈ ਹੋਣ, ਅਰਥ ਪੂਰਣ ਪ੍ਰਸੰਗ, ਅਤੇ ਸਿਲਪਕ੍ਰਿਤਿਕ ਵਾਤਾਵਰਣ ਇਸ ਦਾ ਹਿੱਸਾ ਹਨ।

2. **ਹਰੇਕ ਵਿਅਕਤੀ ਨੂੰ ਪ੍ਰੋਤਸਾਹਿਤ ਕਰਨਾ ਅਤੇ ਮਦਦ ਕਰਨਾ :** ਹਰੇਕ ਵਿਅਕਤੀ ਦਾ ਉਸ ਦੀ ਪ੍ਰਤੀਭਾ/ਗੁਣ ਦੇ ਨਾਲ ਏਕਰੇਖਣ ਕਰਨ, ਉਹ ਕੀ ਕਰ ਰਹੇ ਹਨ, ਅਤੇ ਉਹ ਸਭ ਤੋਂ ਚੰਗਾ ਕੀ ਕਰ ਸਕਦੇ ਹਨ? ਜੋਖਮ ਚੁੱਕਣ ਲਈ ਸੁਰੱਖਿਆਤ ਵਾਤਾਵਰਣ, ਵਿਦਿਆਰਥੀਆਂ ਦਾ ਉਨ੍ਹਾਂ ਦੀ ਕਦਰਾਂ ਕੀਮਤਾਂ ਅਤੇ ਰੁਝਾਨਾਂ ਨਾਲ ਏਕਰੇਖਣ ਕਰਨਾ, ਵਿਕਾਸ ਦੇ ਮੌਕੇ ਪ੍ਰਦਾਨ ਕਰਨਾ ਅਤੇ ਪ੍ਰਤਿ ਪੁਸ਼ਟੀ ਪ੍ਰਦਾਨ ਕਰਨਾ ਆਦਿ ਇਸ ਵਿਚ ਸ਼ਾਮਲ ਹਨ।

3. **ਹਰੇਕ ਵਿਦਿਆਰਥੀ ਲਈ ਕੰਮ ਦੀ ਬਣਤਰ :** ਉਪਲਬਧੀ ਦੇ ਸਪਸ਼ਟ ਮਾਪਦੰਡ, ਖੇਤਰ, ਸਮਾਂ-ਸਾਰਣੀ, ਚੁਨੌਤੀਆਂ ਐਤ ਸਾਧਨ ਆਦਿ।

4. **ਹੋਰ ਸਹਾਇਕ ਸਾਧਨ :** ਦੂਜਿਆਂ ਦੀ ਸਹਾਇਤਾ ਕਰਨਾ, ਪ੍ਰਭਾਵਸ਼ਾਲੀ ਗਤੀਵਿਧਿਆਂ, ਜਿਵੇਂ ਕਿ ਮਲਾਂਕਣ ਆਦਿ।

ਸਿੱਖਣ ਵਾਤਾਵਰਣ ਦੀ ਗੁਣਵੱਤਾ ਹੇਠ ਲਿਖੇ ਮਾਪਦੰਡਾਂ ਦੁਆਰਾ ਮਾਪੀ ਜਾ ਸਕਦੀ ਹੈ।

1. **ਸਿੱਖਣ ਅਤੇ ਵਾਧਾ :** ਕਿ ਵਿਦਿਆਰਥੀ ਸਿੱਖਣ ਨੂੰ ਅਰਥਪੂਰਣ ਸਮਝ ਰਿਹਾ ਹੈ? ਕਿ ਉਹ ਆਪਣੇ ਉਪਲਬਧੀ ਦੇ ਪੱਧਰਾਂ ਵਿੱਚ ਵਾਧਾ ਕਰ ਰਿਹਾ ਹੈ?

2. **ਹਰੇਕ ਵਿਦਿਆਰਥੀ ਦੀ ਵਿਸ਼ਿਸ਼ਟਤਾ :** ਹਰੇਕ ਵਿਦਿਆਰਥੀ ਨੂੰ ਵਿਸ਼ੇਸ਼ ਮਹਤਵ ਮਿਲਨਾ/ਦੇਣਾ, ਪ੍ਰਤਿਪੁਸ਼ਟੀ ਮਿਲਣਾ/ਦੇਣਾ।

3. ਕਿ ਹਰੇਕ ਵਿਦਿਆਰਥੀ ਦੇ ਉਪਲਬਧੀ ਦੇ ਮਾਪਦੰੜ ਸਮਾਂ-ਸਾਰਣੀ, ਚੁਨੌਤੀਆਂ ਅਤੇ ਸਾਧਨ ਸਪਸ਼ਟ ਨੇ?

4. ਕਿ ਵਿਦਿਆਰਥੀ ਇਕ ਦੁਜੇ ਦੀ ਸਹਾਇਤਾ ਕਰ ਰਹੇ ਹਨ? ਕਿ ਉਨ੍ਹਾਂ ਦੇ ਮੁਲਾਂਕਣ ਦਾ ਮੁਲ ਪੈ ਰਿਹਾ ਹੈ? ਆਦਿ।

**2.3.5 ਸਿੱਖਣ ਵਾਤਾਵਰਣ ਦੇ ਸੰਗਠਣ ਦੀ ਲੋੜ :**

ਅਜੋਕੇ ਸਮੇਂ ਦੇ ਬੱਚਿਆਂ ਨੂੰ ਆਲੋਚਨਾਤਮਕ ਅਤੇ ਸਿਰਜਣਾਤਮਕ ਢੰਗ ਨਾਲ ਸੋਚਣ, ਵੰਨ-ਸੁਵੰਨਤਾ ਅਤੇ ਅਸਪਸ਼ਟਤਾ ਨੂੰ ਅਪਣਾਉਣ ਅਤੇ ਸੂਚਨਾ ਨੂੰ ਸਿਰਜਣ ਅਤੇ ਸਮਝਣ ਦੀ ਲੋੜ ਹੈ। ਉਨ੍ਹਾਂ ਗਣਿਤ, ਵਿਗਿਆਨ ਅਤੇ ਤਕਨਾਲੋਜੀ ਦੇ ਗਿਆਨ ਦੇ ਨਾਲ-ਨਾਲ ਸੰਚਾਰ ਦੇ ਵੱਖ-ਵੱਖ ਰੂਪਾਂ ਜਿਵੇਂ ਕਿ ਵਿਸ਼ਵਾਸ ਦਿਵਾਉਣ, ਪ੍ਰਸਤੁਤੀਕਰਨ ਅਤੇ ਆਤਮ-ਅਭਿਵਿਅਕਤੀ ਵਿੱਚ ਨਿਪੁੰਨ ਹੋਣ ਦੀ ਲੋੜ ਹੈ। ਸਿੱਖਣ ਵਾਤਾਵਰਣ ਵਿੱਚ ਸਾਧਨ ਅਤੇ ਯੋਜਨਾਵਾਂ ਵੱਖ-ਵੱਖ ਸੱਭਿਆਚਾਰਾਂ ਅਭਾਸੀ ਤੇ ਅਸਲ ਜੀਵਨ ਸੰਬੰਧਾਂ ਦਾ ਮਿਸ਼ਰਣ ਹੋਣਾ ਚਾਹੀਦਾ ਹੈ। ਸਿੱਖਿਆ ਸੰਸਥਾਵਾਂ ਨੂੰ ਅਜਿਹੀ ਗਤੀਕਾਰਕ ਪ੍ਰਕਿਆ ਵੱਜੋਂ ਕੰਮ ਕਰਨਾ ਚਾਹੀਦਾ ਹੈ ਜੋ ਅਜਿਹੇ ਸਕਾਰਾਤਮਕ ਸਿੱਖਣ-ਵਾਤਾਵਰਣ ਦੀ ਸਿਰਜਣਾ ਦਾ ਦਿਸ਼ਾ-ਨਿਰਦੇਸ਼ ਕਰੇ ਅਤੇ ਜ਼ਿਆਦਾ ਵਿਸਤ੍ਰਿਤ ਅਤੇ ਜ਼ਿਆਦਾ ਸੰਯੁਕਤ ਹੋਣ। ਸਿੱਖਣ ਲਈ ਅਜਿਹਾ ਸਥਾਨ ਜਿਹੜਾ ਵੱਧ ਤੋਂ ਵੱਧ ਲੋਕਾਂ ਤੱਕ ਵੱਧ ਤੋਂ ਵੱਧ ਸੂਚਨਾਵਾਂ-ਗਿਆਨ ਪਹੁੰਚਾਵੇ ਅਤੇ ਸਮੁਦਾਇ ਦੇ ਮੈਂਬਰਾਂ ਦੇ ਨਜ਼ਦੀਕੀ ਸਮਾਜਿਕ ਸੰਬੰਧਾਂ ਨੂੰ ਵਧਣ-ਫੁੱਲਣ ਦਾ ਮੌਕਾ ਵੀ ਪ੍ਰਦਾਨ ਕਰਨ ਦੀ ਲੋੜ ਹੈ। ਸ਼ੈਰਨ (Sharon) ਦੇ ਅਨੁਸਾਰ ਜਮਾਤ ਦਾ ਵਾਤਾਵਰਣ ਉਦੋਂ ਪ੍ਰਭਾਵਸ਼ਾਲੀ ਹੁੰਦਾ ਹੈ ਜਦੋਂ ਉਹ ਉਦੇਸ਼ਪੂਰਣ, ਸੰਗਠਿਤ ਗਿਆਨ ਪੂਰਣ, ਪਹੁੰਚਣਯੋਗ ਅਤੇ ਵਿਸ਼ਵਾਸ ਯੋਗ ਹੋਵੇ।

ਭਾਵੇਂ ਸਿੱਖਣ ਵਾਤਾਵਰਣ ਵਿੱਚ ਜਮਾਤ ਦੇ ਵਿਦਿਆਰਥੀਆਂ ਦੀਆਂ ਲੋੜਾਂ, ਮੰਗਾਂ ਅਤੇ ਪ੍ਰਸੰਗਤਾ ਅਨੁਸਾਰ ਭਿੰਨਤਾ ਹੋ ਸਕਦੀ ਹੈ ਪਰੰਤੂ ਵਿਕਾਸਾਤਮਕ ਅਤੇ ਸੱਭਿਆਚਾਰਕ ਤੌਰ ਤੇ ਪ੍ਰਵਾਨਿਤ ਸਿੱਖਣ-ਵਾਤਾਵਰਣ ਵਿੱਚ ਹੇਠਾਂ ਦਿੱਤੀ ਜ਼ਰੂਰੀ ਤੱਤਾਂ ਦੀ ਸੂਚੀ ਦੇ ਤੱਤ ਆਮ ਤੌਰ ਤੇ ਪਾਏ ਜਾਂਦੇ ਹਨ:

- ਵਿਦਿਆਰਥੀ ਕੇਂਦਰਿਤ ਪ੍ਰਸਤਾਵ ਉੱਪਰ ਜ਼ੋਰ
- ਸਕਾਰਾਤਮਕ ਪ੍ਰਤੀਬਲਨ ਨੂੰ ਆਗਿਆ ਦੇਣ
- ਮਜਬੂਤ ਜਮਾਤ ਸਮੁਦਾਇ ਸਿਰਜਣ ਵਿੱਚ ਸਹਾਇਤਾ ਕਰਨਾ

- ਵਿਦਿਆਰਥੀਆ ਨੂੰ ਖੋਜ ਅਤੇ ਜਾਂਚ-ਪੜਤਾਲ ਲਈ ਉਤਸ਼ਾਹਿਤ ਕਰਨਾ ਤਾਂ ਜੋ ਉਹ ਕੰਮ ਕਰਨ ਰਾਹੀਂ ਸਿੱਖਣ।
- ਵੱਖ-ਵੱਖ ਸਿੱਖਣ ਸ਼ੈਲੀਆਂ ਅਨੁਸਾਰ ਵੱਖ-ਵੱਖ ਤਰ੍ਹਾਂ ਦੀਆਂ ਵਿਧੀਆਂ ਅਤੇ ਅਧਿਆਪਨ-ਤਕਨੀਕਾਂ ਮੁਹੱਈਆ ਕਰਵਾਉਣਾ।
- ਬੱਚਿਆਂ ਲਈ ਆਪਸੀ ਗੱਲਬਾਤ ਦੀ ਸੰਰਚਨਾ ਕਰਨਾ।
- ਵਿਦਿਆਰਥੀਆਂ ਨੂੰ ਫੈਸਲੇ ਲੈਣ ਦੀ ਆਗਿਆ ਦੇਣਾ।
- ਸਿੱਖਿਆਕ-ਸਿਖਿਆਰਥੀ ਵਿਚਕਾਰ ਸਪਸ਼ਟ ਸੰਚਾਰ।
- ਵਿਦਿਆਰਥੀਆਂ ਵਿੱਚ ਜ਼ਿੰਮੇਵਾਰੀ ਦੀ ਭਾਵਨਾ ਦਾ ਵਿਕਾਸ ਕਰਨਾ।
- ਨਿੱਘੇ ਸਿੱਖਿਆਕ-ਸਿਖਿਆਰਥੀ ਸੰਬੰਧਾਂ ਨੂੰ ਉਤਸ਼ਾਹਿਤ ਕਰਨਾ।
- ਛੋਟੇ ਸਮੂਹਾਂ/ਵਿਆਕਤੀਗਤ ਤੌਰ ਤੇ ਅਧਿਆਪਨ ਦੀ ਆਗਿਆ ਦੇਣਾ।
- ਵਿਦਿਆਰਥੀਆਂ ਨੂੰ ਬੋਲਣ ਅਤੇ ਸਮਾਜਿਕ ਸੰਬੰਧ ਵਿਕਸਿਤ ਕਰਨ ਲਈ ਉਤਸ਼ਾਹਿਤ ਕਰਨਾ।

ਉਚਿਤ ਸਿੱਖਣ ਸਥਿਤੀ ਦੀ ਸਿਰਜਣਾ ਦਾ ਆਧਾਰ ਚੰਗਾ ਅਤੇ ਸੰਚਾਰਕ ਮਾਹੌਲ ਹੈ। ਸਹਾਇਕ ਵਾਤਾਵਰਣ ਵਿੱਚ ਸਿਖਿਆਰਥੀ ਵਿੱਚ ਉੱਚੇ-ਪੱਧਰ ਦੀ ਆਤਮ-ਸ਼ਕਤੀ ਅਤੇ ਆਤਮ-ਪ੍ਰੇਰਣਾ ਹੁੰਦੀ ਹੈ। ਖੋਜ ਨੇ ਇਹ ਸਿੱਧ ਕੀਤਾ ਹੈ ਕਿ ਅਜਿਹੇ ਸਕੂਲਾਂ ਵਿੱਚ ਅਕਾਦਮਿਕ ਪ੍ਰਾਪਤੀਆਂ ਵਿੱਚ ਸੁਧਾਰ ਹੁੰਦਾ ਹੈ ਜਿੱਥੇ ਵਿਦਿਆਰਥੀ ਸਰੀਰਕ ਅਤੇ ਭਾਵਨਾਤਮਕ ਤੌਰ ਤੇ ਸੁਰੱਖਿਅਤ ਮਹਿਸੂਸ ਕਰਨ ਅਤੇ ਜਿੱਥੇ ਸਕੂਲੀ ਸੱਭਿਆਚਾਰ ਅਜਿਹੇ ਉਚਿਤ ਨਿਯਮਾਂ ਤੇ ਆਧਾਰਿਤ ਹੋਣ ਜਿਨ੍ਹਾਂ ਦੀ ਧਿਆਨਪੂਰਵਕ ਵਿਆਖਿਆ ਕੀਤੀ ਗਈ ਹੋਵੇ ਅਤੇ ਜਿਨ੍ਹਾਂ ਨੂੰ ਉਚਿਤ ਢੰਗ ਨਾਲ ਲਾਗੂ ਕੀਤਾ ਗਿਆ ਹੋਵੇ। ਅਜਿਹਾ ਸਿੱਖਣ-ਸਮੁਦਾਇ ਜੋ ਸਰੀਰਕ, ਭਾਵਨਾਤਮਕ ਅਤੇ ਬੌਧਿਕ ਤੌਰ ਤੇ ਸੁਰੱਖਿਅਤ ਹੋਵੇ, ਵਿਆਪਕ ਉੱਚ-ਗੁਣਵੱਤਾ ਵਾਲੀ ਸਿੱਖਿਆ ਦਾ ਆਧਾਰ ਹੁੰਦਾ ਹੈ।

1. **ਲਚਕੀਲਾਪਣ (Flexibility)** : ਜਮਾਤ ਦਾ ਵਾਤਾਵਰਣ ਵਿਚ ਲਚਕੀਲਾਧਨ ਹੋਣਾ ਚਾਹੀਦਾ ਹੈ।

2. **ਖੁੱਲ੍ਹਾਪਣ (Openness)** : ਆਧੁਨਿਕ ਸਿੱਖਣ ਵਾਤਾਵਰਣ ਵਿੱਚ ਦੀਵਾਰਾਂ ਘੱਟ ਅਤੇ ਸ਼ੀਸ਼ੇ ਜਿਆਦਾ ਹੁੰਦੇ ਹਨ ਭਾਵ ਇਹ ਪਾਰਦਰਸ਼ੀ ਹੁੰਦੇ ਹਨ ਅਤੇ ਇਹ ਅਕਸਰ ਕਿਸੇ ਸਾਂਝੇ ਕੇਂਦਰ ਤੋਂ ਸਿੱਖਣ ਦੇ ਵਿਚਾਰ ਦਾ ਉਪਯੋਗ ਕਰਦੇ ਹਨ ਜੋ ਕਿ ਅਧਿਆਪਨ ਅਤੇ ਸਿੱਖਣ ਦੇ ਕੇਂਦਰੀ ਸਥਾਨ ਹੁੰਦੇ ਹਨ ਜੋ ਕਈ ਜਮਾਤਾਂ ਦੁਆਰਾ ਸਾਂਝੇ ਤੌਰ ਤੇ ਉਪਯੋਗ ਕੀਤੇ ਜਾਂਦੇ ਹਨ। ਇਹ ਦੂਜਿਆਂ ਨੂੰ ਪੜ੍ਹਾਉਣ ਨਾਲ ਸਿੱਖਣ ਅਤੇ ਨਿਰੀਖਣ ਕਰਨ ਅਤੇ ਖੁਦ ਨਿਰੀਖਤ ਹੋਣ ਦਾ ਮੌਕਾ ਪ੍ਰਦਾਨ ਕਰਦੇ ਹਨ। ਇਨ੍ਹਾਂ ਨਾਲ ਇਹ ਦੇਖਣ ਦਾ ਵੀ ਮੌਕਾ ਮਿਲਦਾ ਹੈ ਕਿ ਹੋਰ ਸਿੱਖਣ-ਖੇਤਰਾਂ ਅਤੇ ਪੱਧਰਾਂ ਤੇ ਵਿਦਿਆਰਥੀ ਕੀ ਸਿੱਖ ਰਹੇ ਹਨ ਤਾਂ ਜੋ ਅਧਿਆਪਕ ਅਤੇ ਸਿੱਖਣ ਨੂੰ ਇਕ ਦੂਜੇ ਦਾ ਪੂਰਕ ਬਣਾਇਆ ਜਾ ਸਕੇ ਅਤੇ ਇਸਨੂੰ ਵਧਾਇਆ ਜਾ ਸਕੇ।

3. **ਤਕਨਾਲੋਜੀ ਸਮੇਤ ਸੰਸਾਧਨਾਂ ਤੱਕ ਪਹੁੰਚ (Access to Resources Including Tecnology)** : ਆਮ ਤੌਰ ਤੇ ਸਿੱਖਣ ਵਿੱਚ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਸ਼ਾਮਿਲ ਹੁੰਦੀਆਂ ਹਨ ਜਿਵੇਂ ਕਿ ਪੜ੍ਹਣਾ, ਸਮੂਹ-ਕਾਰਜ, ਪ੍ਰੋਜੈਕਟ, ਚਿੰਤਨ ਅਤੇ ਪ੍ਰਸਤੁਤੀਕਰਨ। ਸਿੱਖਣ ਦੌਰਾਨ ਵਿਦਿਆਰਥੀਆਂ ਦੀ ਲੋੜ ਅਨੁਸਾਰ ਤਾਰ (ਰੁਜਗਕਦ) ਅਤੇ ਬੇਤਾਰ (Wireless) ਤਕਨਾਲੋਜੀ ਦੇ ਮਿਸ਼ਰਨ ਦਾ ਉਪਯੋਗ ਕੀਤਾ ਜਾਂਦਾ ਹੈ।

4. **ਅਧਿਆਪਨ ਵਿੱਚ ਸਹਾਇਤਾ (Supports in Teaching)** : ਆਧੁਨਿਕ ਸਿੱਖਣ ਸਥਾਨ ਇਕੱਲੇ ਜਮਾਤ-ਕਮਰੇ ਦੇ ਅਧਿਆਪਨ ਨਾਲੋਂ ਬੇਹਤਰ ਹਨ। ਅਜਿਹੇ ਖੁੱਲੇ, ਲਚਕੀਲੇ ਸਿੱਖਣ-ਵਾਤਾਵਰਣ ਵਿੱਚ ਕੰਮ ਕਰਨਾ, ਜਿੱਥੇ ਜਾਂਚ-ਪੜਤਾਲ ਨੂੰ ਆਪਸ ਵਿੱਚ ਸਾਂਝ ਕੀਤਾ ਜਾਂਦਾ ਹੋਵੇ, ਸਹਿਯੋਗ ਦੇ ਆਧਾਰ ਤੇ ਦਖਲ ਦਿੱਤਾ ਜਾਂਦਾ ਹੋਵੇ ਅਤੇ ਜਿੱਥੇ ਸਵੈ ਅਤੇ ਸਹਿਪਾਠੀ ਦੋਹਾਂ ਦੇ ਨਿਰੀਖਣ ਤੇ ਧਿਆਨ ਦਿੱਤਾ ਜਾਂਦਾ ਹੋਵੇ, ਹੋਰ ਵਧੀਆ ਅਤੇ ਨਿਰੰਤਰ ਸੁਧਾਰ ਵੱਲ ਜਾਂਦੇ ਹੋਏ ਸਮੁਦਾਇ ਦੀ ਸਿਰਜਣਾ ਕਰਦਾ ਹੈ।

5. ਟੀਮ ਜਤਨ **(Team Efforts)** : ਸਕੂਲ ਦੇ ਸਾਰੇ ਕਰਮਚਾਰੀ, ਪ੍ਰਸ਼ਾਸਕ, ਪਰਿਵਾਰ, ਵਿਦਿਆਰਥੀ ਅਤੇ ਸਮੁਦਾਇ ਦੇ ਮੈਂਬਰ ਅਜਿਹੇ ਸਿੱਖਣ-ਵਾਤਾਵਰਣ ਨੂੰ ਸਿਰਜਣ ਵਿੱਚ ਰੋਲ ਅਦਾ ਕਰਨ ਅਤੇ ਜ਼ਿੰਮੇਵਾਰੀ ਨਿਭਾਉਣ ਵਿੱਚ ਸਾਂਝੀਵਾਲ ਹੁੰਦੇ ਹਨ, ਜੋ ਵਿਅਕਤੀਗਤ ਅਤੇ ਨਿੱਜੀ ਸਥਿਤੀਆਂ ਨੂੰ ਪ੍ਰਫੁਲਿਤ ਕਰਦਾ ਹੈ ਅਤੇ ਸਕਾਰਾਤਮਕ ਅਤੇ ਅਰਥਪੂਰਨ ਸੰਬੰਧਾਂ ਨੂੰ ਵਧਾਉਂਦਾ ਹੈ।

ਸਹਾਇਕ ਅਤੇ ਸਕਾਰਾਤਮਕ ਸਿੱਖਣ ਸਥਿਤੀ ਬਣਾਈ ਰੱਖਣਾ ਸਿੱਖਿਆ- ਸ਼ਾਸ਼ਤਰੀਆਂ, ਸਕੂਲ ਪ੍ਰਸ਼ਾਸਨ, ਅਧਿਆਪਕਾਂ, ਵਿਦਿਆਰਥੀਆਂ, ਪਰਿਵਾਰ ਅਤੇ ਸਮੁਦਾਇ ਦੀ ਸਾਂਝੀ ਜ਼ਿੰਮੇਵਾਰੀ ਹੁੰਦੀ ਹੈ। ਸਹਾਇਕ ਸਿੱਖਣ-ਵਾਤਾਵਰਣ ਵਿੱਚ ਵਿਦਿਆਰਥੀਆਂ ਲਈ ਅਜਿਹੀ ਵਿਆਪਕ ਸਹਾਇਤਾ, ਰਣਨੀਤੀਆਂ ਅਤੇ ਪ੍ਰੋਤਸਾਹਿਤ ਕਰਦੇ ਹਨ। ਇਹਨਾਂ ਰਣਨੀਤੀਆਂ ਵਿੱਚ ਵਿਦਿਆਰਥੀਆਂ ਲਈ ਉਪਲਬਧ ਸਕੂਲ-ਵਿਆਪੀ ਵਿਵਹਾਰਿਕ ਸਾਹਇਤਾ, ਜਮਾਤੀ ਰੋਕਥਾਮ, ਪਹਿਲ-ਕਦਮੀ ਅਤੇ ਸਮੁਦਾਇ ਪ੍ਰੋਗਰਾਮ ਸ਼ਾਮਿਲ ਹਨ।

**2.3.6 ਸਿੱਖਣ-ਵਾਤਾਵਰਣ ਸਿਰਜਨ ਦੀ ਵਿਧੀ :**

ਅੱਜ-ਕਲ੍ਹ ਸਿਰਜੇ ਜਾ ਰਹੇ ਕਈ ਆਧੁਨਿਕ ਸਿੱਖਣ-ਵਾਤਾਵਰਣ ਕਈ ਤਰ੍ਹਾਂ ਦੀਆਂ ਸਿੱਖਿਆ ਕਲਾਵਾਂ ਜਿਨ੍ਹਾਂ ਵਿੱਚ ਜਾਣਕਾਰੀ ਦੇਣਾ, ਲਾਗੂ ਕਰਨਾ, ਸਿਰਜਣਾ, ਸੰਚਾਰ ਕਰਨਾ ਅਤੇ ਫੈਸਲੇ ਲੈਣਾ ਸ਼ਾਮਿਲ ਹੈ, ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰੋਤਸਾਹਿਤ ਅਤੇ ਪ੍ਰੇਰਿਤ ਕਰਦੇ ਹਨ। ਇਹ ਅਕਸਰ ਵਿਦਿਆਰਥੀ ਦੇ 'ਘਰ-ਆਧਾਰ' ਤੇ ਕੇਂਦਰਿਤ ਹੁੰਦੇ ਹਨ ਜਿੱਥੇ ਬਹੁਤ ਸਾਰਾ ਅਧਿਆਪਨ ਅਤੇ ਸਿੱਖਣ ਵਾਪਰਦਾ ਹੈ ਪਰੰਤੂ ਇਹ ਆਧਾਰ ਕਈ ਹੋਰ ਸਿੱਖਣ-ਸਥਾਨਾਂ ਤੱਕ ਪਹੁੰਚਣਾ ਵੀ ਸੰਭਵ ਬਣਾਉਂਦਾ ਹੈ। ਸੁੱਰਖਿਅਤ ਅਤੇ ਸਿਹਤਮੰਦ ਸਿੱਖਣ-ਵਾਤਾਵਰਣ ਲਈ ਭੌਤਿਕ ਸਧਿਤੀ ਦੇ ਨਾਲ-ਨਾਲ ਨਿਰੰਤਰ, ਉਚਿਤ ਅਤੇ ਸਕਾਰਾਤਮਕ ਅਧਿਆਪਕ-ਵਿਦਿਆਰਥੀ ਅਤੇ ਵਿਦਿਆਰਥੀ-ਵਿਦਿਆਰਥੀ ਤਾਲਮੇਲ ਵੱਲ ਵੀ ਧਿਆਨ ਦੇਣ ਦੀ ਲੋੜ ਹੈ।

ਅਧਿਆਪਕ ਹੇਠ ਲਿਖੇ ਅਨੁਸਾਰ ਆਪਣੀ ਜਮਾਤ ਵਿੱਚ ਸਿੱਖਣ ਵਾਤਾਵਰਣ ਦੀ ਸਿਰਜਣਾ ਕਰ ਸਕਦਾ ਹੈ-

ਵਿਦਿਆਰਥੀ ਵਧੀਆ ਸਿੱਖਿਆ ਉਦੋਂ ਪ੍ਰਾਪਤ ਕਰਦਾ ਹਨ ਜਦੋਂ ਭੋਤਿਕ ਸਥਿਤੀਆਂ ਸਾਫ, ਵਧੀਆਂ ਢੰਗ ਨਾਲ ਸੰਭਾਲੀਆਂ, ਚੰਗੀਆਂ ਅਤੇ ਸੁਰੱਖਿਆਤ ਹੋਣ, ਵਿਆਕਤੀ ਆਪਣੇ ਆਪ ਦਾ ਅਤੇ ਹੋਰਾਂ ਦਾ ਸਨਮਾਨ ਕਰਦੇ ਹੋਣ ਅਤੇ ਭਾਵਨਾਤਮਕ ਮਾਹੌਲ ਸਕਾਰਾਤਮਕ, ਸਨਮਾਨਜਨਕ ਅਤੇ ਅਰਥਪੂਰਨ ਸੰਬੰਧਾਂ ਨੂੰ ਪ੍ਰੋਤਸਾਹਿਤ ਕਰੇ।

ਬੌਧਿਕ ਤੌਰ ਤੇ ਸੁਰੱਖਿਅਤ ਵਾਤਾਵਰਣ ਵਿਦਿਆਰਥੀਆਂ ਨੂੰ ਸਫਲਤਾ ਪ੍ਰਾਪਤ ਕਰਨ ਦੀ ਆਜ਼ਾਦੀ, ਸਿੱਖਣ ਉਪਰ ਧਿਆਨ ਕੇਂਦਰਿਤ ਕਰਨ,ਰੋਜ਼ਾਨਾ ਦੀਆਂ ਅਕਾਦਮਿਕ ਚੁਣੌਤੀਆਂ ਵਿੱਚ ਭਾਗ ਲੈਣ, ਅਧਿਆਪਕ ਦੇ ਪ੍ਰੋਤਸਾਹਨ ਅਤੇ ਸਹਾਇਤਾ ਅਧੀਨ ਆਪਣੀਆਂ ਰੁਚੀਆਂ ਨੂੰ ਜਾਣਨ ਅਤੇ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਦੀ ਆਗਿਆ ਦਿੰਦਾ ਹੈ ਜੋ ਅਗਵਾਈ ਅਤੇ ਦ੍ਰਿੜ੍ਹਤਾ ਵਰਗੇ ਗੁਣਾਂ ਨੂੰ ਵਿਕਸਿਤ ਕਰਨ।

**2.3.7 ਸਿੱਖਣ ਲਈ ਸਥਾਨ ਯੋਜਨਾਕਰਨ (Planning Spaces for Learning)** ''ਸਿੱਖਣ ਸਥਾਨ ਸਿਖਿਆਰਥੀਆਂ ਨੂੰ ਪ੍ਰੇਰਿਤ ਕਰਨ ਅਤੇ ਸਿੱਖਣ ਨੂੰ ਇਕ ਗਤੀਵਿਧੀ ਵੱਜੋਂ ਪ੍ਰੋਤਸਾਹਿਤ ਕਰਨ ਯੋਗ ਹੋਣਾ ਚਾਹੀਦਾ ਹੇ, ਇਹ ਸਹਿਯੋਗੀ ਅਤੇ ਨਾਲ ਹੀ ਰਸਮੀ ਅਭਿਆਸ ਵਿੱਚ ਸਹਾਇਕ ਹੋਣਾ ਚਾਹੀਦਾ ਹੈ, ਇਹ ਵਿਆਕਤੀਗਤ ਅਤੇ ਸਮਾਵੇਸ਼ੀ ਵਾਤਾਵਰਣ ਪ੍ਰਦਾਨ ਕਰਨ ਵਾਲਾ ਅਤੇ ਬਦਲੀ ਰਹੀਆਂ ਲੋੜਾਂ ਅਨੁਸਾਰ ਲਚਕੀਲਾ ਹੋਣਾ ਚਾਹੀਦਾ ਹੈ।''

ਸਿੱਖਣ ਦੇ ਸਥਾਨਾਂ ਨੂੰ ਜਮਾਤ ਵਿੱਚ ਯੋਜਨਾਬੱਧ ਕੀਤੀਆਂ ਗਈਆਂ ਗਤੀਵਿਧੀਆਂ ਵਿੱਚ ਸਹਾਇਤਾ ਹੋਣਾ ਚਾਹੀਦਾ ਹੈ। ਇਸ ਲਈ ਸਿੱਖਣ-ਸਥਾਨ ਵਿਦਿਆਰਥੀਆਂ ਦੀ ਵਿਆਕਤੀਗਤ ਲੋੜਾਂ ਅਤੇ ਸਿੱਖਿਆ-ਵਿਧੀਆਂ ਦੋਹਾਂ ਪ੍ਰਤੀ ਸੰਵੇਦੀ ਹੋਣੇ ਚਾਹੀਦੇ ਹਨ। ਵਧੀਆ ਸਿੱਖਣ-ਸਥਾਨਾਂ ਵਿੱਚ ਹੇਠਾਂ ਲਿਖੀਆਂ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ:

- ਵਰਤਮਾਨ ਅਤੇ ਵਿਕਸਿਤ ਹੋ ਰਹੇ ਸਿੱਖਿਆ-ਸ਼ਾਸਤਰਾਂ ਨੂੰ ਸ਼ਾਮਿਲ ਕਰ ਸਕਣ ਦੀ ਲਚਕਤਾ
- ਸਮੂਹ ਸਹਿਯੋਗ ਪ੍ਰਦਾਨ ਕਰਨਾ
- ਅਸਾਨੀ ਨਾਲ ਪੁਨਰ-ਰੂਪ ਪ੍ਰਦਾਨ ਕਰਨ ਅਤੇ ਤਿਆਰ ਕਰਨ ਦੀ ਯੋਗਤਾ
- ਵਿਭਿੰਨ ਪ੍ਰਕਾਰ ਦੇ ਵਿਦਿਆਰਥੀਆਂ ਦੀਆਂ ਲੋੜਾ ਪ੍ਰਤੀ ਸੰਵੇਦਨਾ
- ਚਿੰਤਨ ਅੰਤਰ-ਉਤਪਾਦਨ ਨੂੰ ਉਤਸ਼ਾਹਿਤ ਕਰਨਾ
- ਸਾਰੇ ਵਸਨੀਕਾਂ ਲਈ ਆਪਣੇ ਵਿਚਾਰਾਂ ਦਾ ਵਿਚਾਰ-ਵਟਾਂਦਰਾ ਕਰਨ, ਭਾਗ ਲੈਣ ਅਤੇ ਤਰਕ-ਵਿਤਰਕ ਕਰਨ ਲਈ ਉਪਲਬਧਤਾ
- ਇਹ ਸਥਾਨ ਭਵਿੱਖ ਵਿੱਚ ਪੁਰਨ-ਵਿਤਰਿਤ ਅਤੇ ਪੁਨਰ ਰੂਪਣ ਯੋਗ ਹੋਣੇ ਚਾਹੀਦੇ ਹਨ
- ਸਟਾਫ ਅਤੇ ਵਿਦਿਆਰਥੀਆਂ ਵਿੱਚ ਊਰਜਾ ਦਾ ਸੰਚਾਰ ਕਰਨ ਵਾਲੇ ਸਾਹਸਪੂਰਨ ਅਤੇ ਸਿਰਜਣਾਤਮਕਤਾ
- ਸਾਰੇ ਸਿੱਖਿਆਰਥੀਆਂ ਦੀਆਂ ਯੋਗਤਾਵਾਂ ਦਾ ਵਿਕਾਸ ਕਰਨ ਵਿੱਚ ਸਹਾਇਕ
- ਸਥਾਨ ਨੂੰ ਕਈ ਉਦੇਸ਼ਾਂ ਲਈ ਵਰਤਣਯੋਗ ਬਣਾਉਣ ਦਾ ਉੱਦਮ
- ਸਹਿਯੋਗ ਕਾਰਜ ਅਤੇ ਪ੍ਰਯੋਗਾਤਮਕ ਅਤੇ ਖੋਜਾਤਮਕ ਸਿੱਖਿਆ-ਸ਼ਸਤਰਾਂ ਵਿੱਚ ਸਹਾਇਤਾ

ਸਿੱਖਣ ਸਥਾਨ ਦੀ ਯੋਜਨਾਬੰਦੀ ਦੌਰਾਨ ਹੇਠ ਲਿਖੇ ਜ਼ਰੂਰੀ ਤੱਤ ਵੀ ਵਿਚਾਰੇ ਅਤੇ ਸ਼ਾਮਿਲ ਕੀਤੇ ਜਾਣ ਚਾਹੀਦੇ ਹਨ:

1. ਸਹਿਯੋਗੀ ਅਤੇ ਖੋਜਾਤਮਕ ਸਮਾਜਿਕ ਸਿੱਖਿਆ
2. ਲਚਕੀਲਾ ਮਾਹੌਲ
3. ਖੁੱਲ੍ਹੇ ਮਾਹੌਲ ਵਿੱਚ ਸਹਿਜ ਮਹਿਸੂਸ ਕਰਨਾ, ਅਜਿਹੇ ਕੰਮ ਅਤੇ ਸਿੱਖਦ ਵਾਤਾਵਰਣ ਨੂੰ ਸਵੀਕਾਰਕਰਨਾ ਜੋ ਪ੍ਰਯੋਗ ਕਰਨ ਅਤੇ ਜੋਖਮ ਲੈਣ ਨੂੰ ਉਤਸ਼ਾਹ ਦਿੰਦਾ ਹੋਵੇ
4. ਵਿਦਿਆਰਥੀ-ਅਧਿਕ੍ਰਿਤ ਸਥਾਨ
5. ਸਮਕਾਲੀ ਅਤੇ ਤਕਨੀਕੀ ਰੂਪ ਵਿੱਚ ਵਧੀਆ/ਅਮੀਰ ਵਾਤਾਵਰਣ
6. ਪਹਿਲ ਕਰਨ ਦੀ ਯੋਗਤਾ, ਘੁੰਮਣ ਫਿਰਨ ਦੀ ਖੁੱਲ੍ਹ ਹੋਰਾਂ ਨਾਲ ਜੁੜਨ ਅਤੇ ਆਪਣੇ ਵਿਚਾਰਪ੍ਰਗਟ ਕਰਨ ਰਾਹੀਂ ਭੌਤਿਕ ਅਜ਼ਾਦੀ ਦੀ ਭਾਵਨਾ ਦਾ ਅਨੰਦ ਪ੍ਰਾਪਤ ਕਰਨਾ
7. ਇਮਾਰਤ ਦੇ ਅੰਦਰ ਅਤੇ ਵੈਬਸਾਈਟ ਉੱਪਰ ਆਤਮ-ਸਹਾਇਕ ਰੂਪ-ਰੇਖਾ ਅਤੇ ਪ੍ਰਬੰਧ ਪ੍ਰਸਤਾਵ,ਸਪਸ਼ਟ ਦਿਸ਼ਾ-ਨਿਰਦੇਸ਼ਾਂ ਰਾਹੀਂ ਪ੍ਰਾਪਤ ਸਥਾਨਾਂ ਦਾ ਆਜ਼ਾਦ ਅਤੇ ਜ਼ਿੰਮੇਵਾਰ ਉਪਯੋਗ
8. ਪ੍ਰਾਪਤੀ ਅਤੇ ਸਿੱਖਣ ਸ਼ੈਲੀਆਂ ਦੇ ਸੰਦਰਭ ਵਿੱਚ ਸਮੂਹਾਂ ਵਿੱਚ ਵਿਭਿੰਨਤਾ ਵਿੱਚ ਸਹਾਇਕ
9. ਅਜਿਹੇ ਸਥਾਨਾਂ ਤੇ ਅਧਿਆਪਕਾਂ ਨਾਲ ਮੇਲ-ਜੋਲ ਅਤੇ ਗੱਲਬਾਤ ਕਰਨ ਦੀ ਆਜ਼ਾਦੀ ਜਿੱਥੇਪਰੰਪਰਾਗਤ ਅਧਿਆਪਕ-ਵਿਦਿਆਰਥੀ ਰਸਮੀ ਵਿਹਾਰ ਖਤਮ ਹੋ ਜਾਂਦਾ ਹੈ
10. ਵਿਚਾਰਾ ਅਤੇ ਧਾਰਨਾਵਾਂ ਨੂੰ ਸਮਝਣ ਵਿੱਚ ਸਹਿਯੋਗ ਕਰਨਾ ਅਤੇ ਵਧੀਆ ਨਤੀਜੇ ਪੈਦਾ ਕਰਨਾ
11. ਨਵੀਨਤਮ ਦ੍ਰਿਸ਼ ਤਕਨਾਲੋਜੀ ਅਤੇ ਇਹਨਾਂ ਨਾਲ ਸਬੰਧਿਤ ਤਕਨੀਕੀ ਮਾਹਿਰ ਸਟਾਫ ਨਾਲ ਸੰਪਰਕ ਕਰਨ ਦੀ ਆਜ਼ਾਦੀ

**2.3.8 ਸਾਰਾਂਸ਼ :**

ਇਸ ਪਾਠ ਵਿੱਚ ਅਸੀਂ ਚਰਚਾ ਕੀਤੀ ਸਿੱਖਣ ਵਾਤਾਵਰਣ ਬਾਰੇ ਅਤੇ ਇਸ ਨਾਲ ਸਬੰਧਿਤ ਵੱਖ-ਵੱਖ ਪ੍ਰਸੰਗਾਂ ਬਾਰੇ। ਸਿੱਖਣ ਵਾਤਾਵਰਣ ਹਵਾਲਾ ਦਿੰਦਾ ਹੈ ਉਨ੍ਹਾਂ ਵੱਖ-ਵੱਖ ਭੌਤਿਕ ਇਕਾਇਆਂ ਦਾ ਪ੍ਰਸੰਗ ਦਾ ਅਤੇ ਸਭਿਆਚਾਰ ਦਾ ਜਿਸ ਵਿੱਚ ਵਿਦਿਆਰਥੀ ਸਿੱਖਦਾ ਹੈ। ਵਿਦਿਆਰਥੀ ਵੱਖ-ਵੱਖ ਤਰ੍ਹਾਂ ਦੀਆਂ ਸਥਿਤਿਆਂ ਸਿੱਖ ਸਕਦਾ ਹੈ ਜਿਵੇ ਕਿ ਸਕੂਲ ਦਾ ਬਾਹਰੀ ਵਾਤਾਵਰਣ, ਜਮਾਤ ਕਮਰਾ ਅਤੇ ਆਪਣਾ ਆਲਾ-ਦੁਆਲਾ ਸਿੱਖਣ ਵਾਤਾਵਰਣ ਵਿੱਚ ਪ੍ਰਧਾਨ ਨੇ ਲੋਕਾਚਾਰ ਅਤੇ ਗੁਣ, ਕਿਵੇਂ ਵਿਅਕਤੀ

ਆਪਸ ਵਿੱਚ ਗਲਬਾਤ ਕਰਦੇ ਨੇ ਅਤੇ ਕਿਵੇਂ ਇਕ ਦੂਜੇ ਨਾਲ ਵਿਵਹਾਰ ਕਰਦੇ ਹਨ, ਸਿੱਖਣ ਨੂੰ ਅਸਾਨ ਬਣਉਣ ਲਈ ਅਧਿਆਪਕ ਵਿਸ਼ੇਸ਼ ਤਰੀਕਿਆਂ ਨਾਲ ਜਮਾਤ ਦਾ ਵਾਤਾਵਰਣ ਸਿੱਖਣ ਲਈ ਤਿਆਰ ਕਰਦਾ ਹੈ ਅਤੇ ਪ੍ਰਕਿਤਿਕ ਪਰਿਸਥਿਤੀ ਪ੍ਰਬੰਧ ਵਿੱਚ ਜਮਾਤ ਦਾ ਸੰਚਾਲਨ ਕਰਦਾ ਹੈ। ਸਿੱਖਣ ਵਾਤਾਵਰਣ ਇਕ ਸਹਾਇਕ ਪ੍ਰਣਾਲੀ ਜਾਂ ਪ੍ਰਬੰਧ ਹੈ ਜਿਹੜਾਂ ਕਿ ਉਨ੍ਹਾਂ ਹਲਾਤਾਂ ਦਾ ਸੰਗਠਨ ਕਰਨਾ ਹੈ ਜਿਸ ਵਿੱਚ ਮਨੁੱਖ ਸਭ ਤੋਂ ਵਧੀਆ ਸਿੱਖਦਾ ਹੈ। ਸਿੱਖਣ ਵਾਤਾਵਰਣ ਦੇ ਤਿੰਨ ਤੱਤ ਹਨ: (1) ਭੌਤਿਕ ਵਾਤਾਵਰਣ, (2)ਮਨੋਵਿਗਿਆਨਕ ਵਾਤਾਵਰਣ ਅਤੇ (3)ਨਿਰਦੇਸ਼ਾਤਮਕ ਵਾਤਾਵਰਣ ਸਿੱਖਣ ਵਾਤਾਵਰਣ ਦੇ ਕਾਰਜ ਨੇ ਸੂਚਨਾ ਉਪਲਬਧ ਕਰਵਾਉਣਾ, ਇਕ ਦੂਜੇ ਦਾ ਸਹਿਯੋਗ ਕਰਨਾ, ਵਿਵਹਾਰ ਵਿੱਚ ਤਬਦੀਲੀ ਲੈਕੇ ਆਉਣਾ ਅਤੇ ਸਥਾਣ ਤਕਨੀਕ ਦੀ ਵਰਤੋਂ ਰਾਹੀਂ ਵਿਦਿਆਰਥੀ ਦੇ ਸਿੱਖਣ ਵਿੱਚ ਆਏ ਅੰਤਰ/ਘਾਟ ਨੂੰ ਦੂਰ ਕਰਨਾ ਆਦਿ। ਅਜੋਜੇ ਸਮੇਂ ਵਿੱਚ ਸਿੱਖਣ ਵਾਤਾਵਰਣ ਦੇ ਸੰਗਠਨ ਦੀ ਲੋੜ ਹੈ। ਸਿੱਖਣ ਲਈ ਅਜਿਹਾ ਸਧਾਨ ਜਿਹੜਾ ਵੱਧ ਤੋਂ ਵੱਧ ਲੋਕਾਂ ਤੱਕ ਵੱਧ ਤੋਂ ਵੱਧ ਸੂਚਨਾਵਾਂ/ਗਿਆਨ ਪਹੁੰਚਾਵੇ ਅਤੇ ਸਮੁਦਾਇ ਦੇ ਮੈਂਬਰਾਂ ਦੇ ਨਜਦੀਕੀ ਸਮਾਜਿਕ ਸਬੰਧਾਂ ਨੂੰ ਵੱਧਣ-ਫੁਲਣ ਦਾ ਮੌਕਾ ਵੀ ਪ੍ਰਾਦਾਨ ਕਰੇ।

### 2.3.9 **Key Concepts :**

1. **ਸਿੱਖਣ ਵਾਤਾਵਰਣ :** ਸਿੱਖਣ ਵਾਤਾਵਰਣ ਇਕ ਭੌਤਿਕ ਅਤੇ ਵਾਸਤਵਿਕ ਵਿਵਸਥਾ ਹੈ ਜਿਸ ਵਿੱਚ ਸਿੱਖਣ ਦੀ ਪ੍ਰਕ੍ਰਿਆ ਵਾਪਰਦੀ ਹੈ।
2. **ਮਨੋਵਿਗਿਆਨ ਵਾਤਾਵਰਣ :** ਵਿਦਿਆਰਥੀ ਆਪਣੇ ਸਿੱਖਣ ਬਾਰੇ ਕੀ ਮਹਿਸੂਸ ਕਰਦਾ ਹੈ, ਉਸ ਦਾ ਆਪਣੀ ਯੋਗਤਾ ਤੇ ਕਿੰਨਾ ਕੁ ਵਿਸ਼ਵਾਸ਼ ਹੈ ਇਹ ਹੀ ਉਸ ਦਾ ਮਨੋਵਿਗਿਆਨ ਵਾਤਾਵਰਣ ਹੈ।
3. **ਨਿਰਦੇਸ਼ਾਨਾਤਮਕ ਵਾਤਾਵਰਣ :** ਉਹ ਵਿਵਸਥਾ ਜਿਸ ਵਿੱਚ ਸਾਰਾ ਅਧਿਆਪਨ ਵਾਪਰਦਾ ਹੈ। ਅਧਿਆਪਨ ਦੀ ਯੋਜਨਾਬੰਦੀ ਅਤੇ ਉਸ ਵਿਚ ਸ਼ਾਮਲ ਕ੍ਰਿਆਵਾਂ ਨਿਰਦੇਸਨਾਤਮਕ ਵਾਤਾਵਰਣ ਦਾ ਹਿੱਸਾ ਹਨ।

### 2.3.10 ਸੁਝਾਏ ਪ੍ਰਸ਼ਨ :

ਪ੍ਰ.1 ਸਿੱਖਣ ਵਾਤਾਵਰਣ ਦੀ ਪਰਿਭੁਸ਼ਾ ਦਿਓ। ਇਸ ਦੇ ਤੱਤਾਂ ਅਤੇ ਵਿਕਾਸ ਬਾਰੇ ਚਰਚਾ ਕਰੋ।

ਪ੍ਰ.2 ਸਿੱਖਣ ਵਾਤਾਵਰਣ ਦੀ ਸਿਰਜਨਾ ਦੀ ਵਿਧੀ ਅਤੇ ਲੋੜ ਬਾਰੇ ਵਿਸਥਾਰਪੂਰਵਕ ਲਿਖੋ।

ਪ੍ਰ.3 ਸਿੱਖਣ ਲਈ ਸਥਾਨ ਯੋਜਨਾਕਰਨ ਦੀ ਪ੍ਰਕ੍ਰਿਆ ਦੀ ਵਿਆਖਿਆ ਕਰੋ।

### 2.3.11 ਸੁਝਾਈ ਪੁਸਤਕ ਸੂਚੀ ਅਤੇ ਵੈਬ ਸੋਮੇ:

1. ਅਧਿਆਪਨ-ਸਿੱਖਣ ਪ੍ਰਕ੍ਰਿਆ- 21st Century Publications
2. ਸਿੱਖਿਆ ਅਤੇ ਵਿਕਾਸ-ਇੰਦਰ ਦੇਣ ਨੰਦਰਾ

ਵੈਬ ਸੋਮੇ :

1. http://edutechwiki.unige.ch/en/learning-environment
2. http://health_tki.org.nz/key-collections/curriculum-in-action/making-meaning/teaching-and-learning-environments.
3. http://insight-glos.ac.uk/tli/resources/toolkit/eal/documents/learning % 20 spaces.pdf.

ਪਾਠ ਨੰਬਰ 2.4 ਲੇਖਿਕਾ ਅਤੇ ਅਨੁਵਾਦ ਕਰਤਾ: ਡਾ: ਜ਼ਸਰਾਜ ਕੌਰ

## ਸੰਗਿਆਨਾਤਮਕ ਪ੍ਰਕਿਰਿਆ ਲਈ ਅਧਿਆਪਨ ਅਤੇ ਸਿੱਖਣਾ

**ਬਣਤਰ**

2.4.1 ਪਹਿਚਾਣ
2.4.2 ਉਦੇਸ਼
2.4.3 ਅਧਿਆਪਨ ਅਤੇ ਸਿੱਖਣ ਪ੍ਰਕਿਰਿਆ
2.4.4 ਸੰਗਿਆਨਾਤਮਕ ਪ੍ਰਿਕਿਆ ਦਾ ਅਰਥ ਅਤੇ ਪ੍ਰਭਿਸ਼ਾ
2.4.5 ਸੰਕਲਪ ਦਾ ਅਰਥ
2.4.4.1 ਸੰਕਲਪ ਦਾ ਅਧਿਆਪਨ
2.4.4.2 ਖੋਜ ਦੁਆਰਾ ਸੰਕਲਪ ਦਾ ਅਧਿਆਪਨ
2.4.4.3 ਪ੍ਰਦਰਸ਼ਨੀ ਦੁਆਰਾ ਸੰਕਲਪ ਦਾ ਅਧਿਆਪਨ
2.4.4.4 ਵਿਭਿੰਨ ਜਮਾਤਾਂ ਵਿਚ ਸੰਕਲਪ ਦਾ ਅਧਿਆਪਨ
2.4.6 ਸਾਰ
2.4.7 ਸ਼ਬਦਾਵਲੀ
2.4.8 ਸੁਝਾਏ ਪ੍ਰਸ਼ਨ
2.4.9 ਸੁਝਾਈਆਂ ਪੁਸਤਕਾਂ
2.4.10 ਸਵੈ-ਮੁਲਾਂਕਣ ਅਭਿਆਸ

### 2.4.1 ਜਾਣ-ਪਹਿਚਾਣ

ਹਰੇਕ ਵਿਦਿਅਕ ਪ੍ਰੋਗਰਾਮ ਵਿਚ ਵਿਦਿਆਰਥੀਆਂ ਦੀਆਂ ਵਿਭਿੰਨ ਯੋਗਤਾਵਾਂ ਸ਼ਾਮਿਲ ਹੁੰਦੀਆਂ ਹਨ। ਸੰਗਿਆਨਾਤਮਕ ਪ੍ਰਕਿਰਿਆ ਦੇ ਅਧਿਆਪਨ ਅਤੇ ਸਿੱਖਣ ਵਿਚ ਵਿਦਿਆਰਥੀਆਂ ਦੀਆਂ ਰਚਨਾਤਮਕ ਯੋਗਤਾਵਾਂ ਨੂੰ ਧਿਆਨ ਵਿਚ ਰਖਿਆ ਜਾਂਦਾ ਹੈ। ਸੰਗਿਆਨਾਤਮਕ ਪ੍ਰਕਿਰਿਆ ਵਿਚ ਵਿਅਕਤੀ ਆਪਣੇ ਵਾਤਾਵਰਨ ਨਾਲ ਸੰਬੰਧਿਤ ਕਾਰਕਾਂ ਦਾ ਪ੍ਰਤੱਖੀਕਰਨ ਕਰਕੇ ਸੰਗਠਿਤ ਰੂਪ ਵਿਚ ਵਰਗੀਕਰਨ ਕਰਦਾ ਹੈ। ਸੰਗਿਆਨਾਤਮਕ ਪ੍ਰਕਿਰਿਆ ਦੇ ਅਧਿਆਪਨ ਅਤੇ ਸਿੱਖਣ ਰਾਹੀਂ ਵਿਅਕਤੀ ਦੀ ਮੁਸ਼ਕਲਾਂ ਹੱਲ ਕਰਨ ਦੀ ਯੋਗਤਾ ਦਾ ਵਿਕਾਸ ਹੁੰਦਾ ਹੈ ਜਿਸ ਨਾਲ ਉਹ ਵਿਭਿੰਨ ਸਥਿਤੀਆਂ ਵਿਚ ਖੋਜ ਰਾਹੀਂ ਸਿੱਖਦਾ ਹੈ।

### 2.4.2 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਸਿਖਿਆਰਥੀ ਇਸ ਯੋਗ ਹੋ ਜਾਣਗੇ ਕਿ:

- ਸੰਗਿਆਨਾਤਮਕ ਪ੍ਰਕਿਰਿਆ ਨੂੰ ਸਮਝ ਸਕਣ;
- ਅਧਿਆਪਨ ਅਤੇ ਸਿੱਖਣਾ ਪ੍ਰਕਿਰਿਆ ਨੂੰ ਸਮਝ ਸਕਣ
- ਖੋਜ ਰਾਹੀਂ ਸੰਕਲਪ ਦੇ ਅਧਿਆਪਨ ਨੂੰ ਸਮਝਣਗੇ
- ਪ੍ਰਦਰਸ਼ਨੀ ਦੇ ਰਾਹੀਂ ਸੰਕਲਪ ਦੇ ਅਧਿਆਪਨ ਨੂੰ ਸਮਝਣਗੇ
- ਵਿਭਿੰਨ ਜਮਾਤਾਂ ਵਿਚ ਸੰਕਲਪ ਦੇ ਅਧਿਆਪਨ ਦੀ ਵਿਆਖਿਆ ਕਰ ਸਕਣਗੇ।

### 2.4.3 ਅਧਿਆਪਨ ਅਤੇ ਸਿੱਖਣ ਪ੍ਰਕਿਰਿਆ

ਅਧਿਆਪਨ ਇਕ ਅਜਿਹੀ ਸਮਾਜਿਕ ਪ੍ਰਕਿਰਿਆ ਹੈ ਜਿਸ ਰਾਹੀਂ ਰਾਜਨੀਤੀ-ਪ੍ਰਣਾਲੀ, ਸਮਾਜਿਕ ਸ਼ਾਸਤਰ ਅਤੇ ਹਰੇਕ ਦੇਸ਼ ਦੇ ਸਭਿਆਚਾਰ ਦਾ ਅਸਰ ਦਿਖਾਈ ਦਿੰਦਾ ਹੈ। ਮੌਰੀਸਨ ਅਨੁਸਾਰ ਅਧਿਆਪਨ ਇਕ ਵਧੇਰੇ ਪਰਪੱਕ ਵਿਅਕਤਿਤਵ ਅਤੇ ਘੱਟ ਪਰਪੱਕ ਵਿਅਕਤੀ ਦਾ ਸੰਬੰਧ ਹੈ। ਐਸੀਡਨ ਅਨੁਸਾਰ ਅਧਿਆਪਨ ਇਕ ਅਧਿਆਪਕ ਅਤੇ ਉਸਦੇ ਵਿਦਿਆਰਥੀਆਂ ਵਿਚਲਾ ਤਾਲਮੇਲ ਹੈ ਜੋ ਕੁਝ ਪਰਿਭਾਸ਼ਿਤ ਕਿਰਿਆਵਾਂ ਦੌਰਾਨ ਹੁੰਦਾ ਹੈ ਯੋਕੋਮ ਅਤੇ ਸਿੰਮਸਨ ਅਨੁਸਾਰ ਅਧਿਆਪਨ ਵਧੇਰੇ ਪਰਪੱਕ ਤਜਰਬੇਕਾਰ ਵਿਅਕਤੀਆਂ ਦੁਆਰਾ ਘੱਟ ਪਰਪੱਕ ਮੈਂਬਰਾਂ ਨੂੰ ਜ਼ਿੰਦਗੀ ਵਿਚ ਸਮਾਯੋਜਨ ਲਈ ਮਾਰਗ ਦਰਸ਼ਨ ਕਰਨਾ ਹੈ। ਅਧਿਆਪਨ ਦਾ ਮੁੱਖ ਕੇਂਦਰ ਸਿੱਖਣ ਨੂੰ ਸੁਖਾਲਾ ਕਰਨਾ ਹੁੰਦਾ ਹੈ। ਸਮਿੱਥ ਅਨੁਸਾਰ ਅਧਿਆਪਨ ਕਿਰਿਆਵਾਂ ਦੀ ਅਜਿਹੀ ਪ੍ਰਣਾਲੀ ਹੈ ਜਿਸ ਰਾਹੀਂ ਸਿੱਖਣਾ ਹੁੰਦਾ ਹੈ। ਬਰਟਨਾ ਅਧਿਆਪਨ ਅਤੇ ਸਿੱਖਣ ਦੇ ਸਬੰਧ ਨੂੰ ਦਰਸਾਉਂਦਾ ਹੈ, ਕਿਉਂਕਿ ਅਧਿਆਪਨ ਨੂੰ ਸਿੱਖਣ ਰਾਹੀਂ ਪ੍ਰਭਾਵਸ਼ਾਲੀ ਬਣਾਇਆ ਜਾ ਸਕਦਾ ਹੈ, ਅਧਿਆਪਨ ਦੇ ਉਦੇਸ਼ ਨੂੰ ਵਿਵਹਾਰਿਕ ਰੂਪ ਵਿਚ ਵਿਚਾਰਣਾ ਅਤੇ ਇਨ੍ਹਾਂ ਉਦੇਸ਼ਾਂ ਅਨੁਸਾਰ ਸਿੱਖਣ ਸਥਿਤੀਆਂ ਪੈਦਾ ਕਰਨੀਆਂ ਜ਼ਿਆਦਾ ਸਿੱਖਣਾ ਲਈ ਅਧਿਆਪਨ ਦੀ ਬਣਤਰ ਤਿਆਰ ਕਰਨੀ। ਅਧਿਆਪਨ ਸਿੱਖਣ ਸਮੱਗਰੀ ਦੀ ਚੋਣ ਕਰਨ ਅਤੇ ਸਿੱਖਣ ਦੇ ਉਦੇਸ਼ ਪ੍ਰਾਪਤ ਕਰਨ ਲਈ ਅਧਿਆਪਨ ਜੁਗਤਾਂ ਦੀ ਚੋਣ ਕਰਨੀ।

2.4.4 ਸੰਗਿਆਨਾਤਮਕ ਪ੍ਰਕਿਰਿਆ ਲਈ ਅਧਿਆਪਨ ਅਤੇ ਸਿੱਖਣਾ ਹਰੇਕ ਵਿਦਿਆਰਥੀ ਦੀਆਂ ਵਿਭਿੰਨ ਯੋਗਤਾਵਾਂ ਦੇ ਅਨੁਸਾਰ ਵਿਦਿਅਕ ਪ੍ਰੋਗਰਾਮਾਂ ਵਿਚ ਪਾਠਕ੍ਰਮ ਡਿਜ਼ਾਇਨ ਵਿਕਸਿਤ ਹੋਣੇ ਮਹੱਤਵਪੂਰਨ ਹੁੰਦੇ ਹਨ। ਇਸ ਲਈ ਅਧਿਆਪਨ ਅਤੇ ਸਿੱਖਣ ਪ੍ਰਕਿਰਿਆ ਵਿਚ ਰਚਨਾਤਮਕ ਯੋਗਤਾਵਾਂ ਨੂੰ ਦੇਖਣਾ ਜ਼ਰੂਰੀ ਹੈ। ਅਜਿਹੀਆਂ ਯੋਗਤਾਵਾਂ ਜੋ ਜਮਾਤ ਕਮਰੇ ਦੇ ਅਧਿਆਪਨ ਸਿੱਖਣ ਪ੍ਰਕਿਰਿਆ ਦੀਆਂ ਉਪਯੋਗਤਾਵਾਂ ਹਨ ਨੂੰ ਸਿਖਿਆਰਥੀਆਂ ਦੇ ਸੰਗਿਆਨਾਤਮਕ ਸਟਾਈਲ ਕਿਹਾ ਜਾਦਾ ਹੈ। ਲੌਂਗ (1962) ਨੇ ਦੇਖਿਆ ਕਿ ਐਨਾਲੀਟੀਕ ਕੌਗਨੀਟਿਵ ਸਟਾਈਲ, ਗਲੋਬਲ ਸਟਾਈਲ ਨਾਲੋਂ ਵਧੀਆ ਹੈ। ਗੁਟਜ਼ਕਾਓ (1951) ਨੇ ਸਮੱਸਿਆ ਹੱਲ ਕਰਨ ਦੇ ਪ੍ਰਦਰਸ਼ਨ ਅਤੇ ਸੰਗਿਆਨਾਤਮਕ ਸਟਾਈਲ ਵਿਚ ਸਬੰਧ ਦੇਖਿਆ ਅਤੇ ਪਾਇਆ ਕਿ ਕੋਈ ਵੀ ਜਿਨ੍ਹਾਂ ਜ਼ਿਆਦਾ ਵਿਸ਼ਲੇਸ਼ਣਾਤਮਕ ਹੁੰਦਾ ਹੈ ਉਨ੍ਹਾਂ ਹੀ ਸਮੱਸਿਆ ਹਲ ਕਰਨ ਵਿਚ ਸਫਲ ਹੁੰਦਾ ਹੈ। ਕਿਸੇ ਵਿਅਕਤੀ ਦੇ ਸੰਗਿਆਤਮਕ ਸਟਾਈਲ ਦਾ ਸੰਕਲਪ ਪਹਿਚਾਨਣ ਦੀ ਯੋਗਤਾ ਤੇ ਬਹੁਤ ਪ੍ਰਭਾਵ ਹੁੰਦਾ ਹੈ। ਇਸ ਲਈ ਅਧਿਆਪਕ ਵਿਸ਼ਵੀਕਰਨ ਪੱਧਰ ਤੇ ਅਧਿਆਨ ਦੀਆਂ ਵਿਧੀਆਂ ਦੀ ਪ੍ਰਬੀਨਤਾ ਨੂੰ ਦੇਖ ਸਕਦਾ ਹੈ। ਅਧਿਆਪਕ ਵਿਦਿਅਕ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਵਿਦਿਆਰਥੀ ਦਾ ਮਾਰਗ ਦਰਸ਼ਕ ਕਰ ਸਕਦਾ ਹੈ।

### 2.4.4 ਸੰਗਿਆਨਾਤਮਕ ਪ੍ਰਕ੍ਰਿਆ ਦਾ ਅਰਥ ਅਤੇ ਪਰਿਭਾਸ਼ਾ

ਗਿਆਨਤਮਕ ਅੰਗਰੇਜੀ ਦੇ ਸ਼ਬਦ congnitive ਦਾ ਪੰਜਾਬੀ ਅਨੁਵਾਦ ਹੈ, ਜਿਹੜਾ ਕਿ congition ਤੋਂ ਬਣਿਆ ਹੈ। ਇਹ ਲਾਤੀਨੀ ਭਾਸ਼ਾ ਦੇ ਸ਼ਬਦ "cognoscere" ਤੋਂ ਲਿਆ ਗਿਆ ਹੈ। ਦਾ ਅਰਥ ਹੈ:– ਜਾਣਨਾ (to know)।

ਮਨੋਵਿਗਿਆਨੀ ਗਿਆਨਤਮਕ ਸ਼ਬਦ ਦਾ ਅਧਿਐਨ ਕਰਦੇ ਸਮੇਂ ਦੇਖਦੇ ਹਨ ਕਿ ਮਨੁੱਖ ਗਿਆਨ ਪ੍ਰਾਪਤੀ ਕਿਵੇਂ ਕਰਦਾ ਹੈ ਓਤੇ ਕਿਸ ਤਰੀਕੇ ਨਾਲ ਇਸ ਗਿਆਨ ਦਾ ਉਪਯੋਗ ਕਰਦਾ ਹੈ। ਇਸ ਵਿਚ ਸਾਰੇ ਕਾਰਨਾ ਜਿਵੇਂ ਕਿ ਸਮਾਜਿਕ , ਜੈਵਿਕ, ਵਾਤਾਵਰਨਿਕ, ਭਤਵਨਾਤਮਕ, ਪ੍ਰੇਰਨਾਤਮਕ ਆਦਿ ਦਾ ਅਧਿਐਨ ਕੀਤਾ ਜਾਦਾ ਹੈ ਅਤੇ ਇਹ ਜਾਣਨ ਦੀ ਪ੍ਰਕਿਰਿਆ ਸੁਰੂ ਕੀਤੀ ਜਾਣੀ ਹੈ ਕਿ ਇਹ ਕਿਰਿਆਵਾਂ ਕਿਵੇ ਬੱਚੇ ਦੀਆ ਮਾਨਸਿਕ ਪ੍ਰਕਿਰਿਆਵਾਂ ਨੂੰ ਪ੍ਰਭਾਵਿਤ ਕਰਦੀਆਂ ਹਨ।

ਅਮਰੀਕਨ ਸਾਈਕੋਲੋਜੀ ਐਸੋਸੀਏਸਨ ਦੇ ਅਨੁਸਾਰ, ''ਗਿਆਨਾਤਮਕ ਪ੍ਰਕਿਰਿਆ ਵਿਚ ਉੱਚ ਮਾਨਸਿਕ ਪ੍ਰਕਿਰਿਆਵਾਂ ਹਨ ਜਿਵੇਂ: ਪ੍ਰਤੱਖਣ, ਯਾਦ ਸ਼ਕਤੀ, ਭਾਸ਼ਾ, ਸਮੱਸਿਆ ਸਮਾਧਾਨ ਅਤੇ ਅਮੂਰਤ ਚਿੰਤਨ।

ਨਈਸਰ (1976) ਦੇ ਅਨੁਸਾਰ, ''ਗਿਆਨ ਅਸਲ ਵਿਚ ਇਕ ਮਾਨਸਿਕ ਪ੍ਰਕਿਰਿਆ ਹੈ, ਜਿਸਦੇ ਰਾਹੀ ਬਾਹਰੀ ਅਤੇ ਅੰਦਰੂਨੀ ਉਤੇਜ਼ਕਾਂ ਵਿਚ ਤਬਦੀਲੀ, ਉਤਾਰ-ਚੜ੍ਹਾਅ, ਵਿਸਥਾਰ, ਇਕੱਠ ਕਰਨਾ ਅਤੇ ਲੱਭਣ ਵਿਚ ਸਹਾਇਤਾ ਪ੍ਰਾਪਤ ਹੁੰਦੀ ਹੈ। ਇਸ ਤੋ ਇਲਾਵਾਂ ਇਸ ਵਿਚ ਵੱਖੋ ਵੱਖਰੇ ਕਾਰਜ, ਪ੍ਰਤੱਖਣ, ਧਿਆਨ, ਤਰਕ ਸਮੱਸਿਆ ਦਾ ਸਮਾਧਾਨ, ਫੈਸਲੇ ਲੈਣ, ਯੋਜਣਾ ਬਣਾਉਣਾ ਵੀ ਸ਼ਾਮਿਲ ਹੈ।

### 2.4.4.1 ਅਧਿਆਪਕ ਦੀ ਭੂਮਿਕਾ

ਅਧਿਆਪਕ ਦੇ ਪੜਾਉਣ ਦਾ ਢੰਗ ਨਿਯਤ ਕਰਦਾ ਹੈ ਕਿ ਉਹ ਕਿਸ ਹੱਦ ਤਕ ਸਫਲ ਹੋਵੇਗਾ। ਅਧਿਆਪਕ ਸੂਚਨਾ ਰੱਟਣ ਤੇ ਜ਼ੋਰ ਦਿੰਦਾ ਹੈ ਜਾਂ ਸੂਚਨਾਵਾਂ ਨੂੰ ਸਮਝਾਉਣਾ ਹੈ ਜਾਂ ਸੂਚਨਾ ਪ੍ਰਾਪਤ ਕਰਨ ਤੇ ਤਰੀਕੇ ਵੀ ਸਿਖਾਉਦਾਂ ਹੈ।

- ਯਾਦਸ਼ਕਤੀ ਸੁਧਾਰਨ ਦੇ ਬਾਰੇ ਅਧਿਆਪਨ (Teaching about memory improvement): ਗਿਆਨਤਮਕ ਸਿੱਖਣ ਦੇ ਲਈ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਦੇ ਨਾਲ ਅਧਿਆਪਕ ਉਸ ਜਾਣਕਾਰੀ ਨੂੰ ਯਾਦ ਰੱਖਣ ਤੇ ਤਰੀਕੇ ਵੀ ਦੱਸਦੇ ਹਨ। ਇਸ ਲਈ ਕੁਝ ਤਰੀਕੇ ਅਪਣਾਉਦੇ ਹਨ, ਜਿਵੇਂ:
  - ੳ. ਦੁਹਰਾਓ (Rehersal)
  - ਅ. ਵਿਸਥਾਰ (Elobration)
  - ੲ. ਸੰਗਠਨ (Organization)
- ਵਾਚਨ ਪਾਠ ਸੰਬੰਧੀ ਅਧਿਆਪਨ (Teaching about reading comprehension): ਇਸ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਵਿਦਿਆਰਥੀ ਨੂੰ ਇਹ ਗਿਆਨ ਵੀ ਦਿੱਤਾ ਜਾਵੇ ਕਿ ਉਹ ਸ਼ਬਦ ਦੇ ਅਰਥਾਂ ਨੂੰ ਵੀ ਸਮਝ ਸਕੇ। ਇਸ ਪ੍ਰਕਿਰਿਆ ਲਈ ਜੋ ਢੰਗ ਵਰਤੇ ਜਾਂਦੇ ਹਨ, ਉਸ ਕੁਝ ਇਸ ਤਰ੍ਹਾਂ ਹਨ:
  - ੳ. ਪੜਨ ਲਈ ਲਕਸ਼ ਨਿਰਧਾਰਿਤ ਕਰਨਾ (Setting goal for reading)
  - ਅ. ਧਿਆਨ ਕੇਂਦਰਿਤ ਕਰਨਾ (Focusing attention)
  - ੲ. ਸਵੈ-ਪੁਨਰਬਲਨ (Self-reinforcement)
  - ਸ. ਸਮੱਸਿਆਵਾਂ ਨਾਲ ਨਜਿੱਠਨਾ (Coping with problems)
- ਸਮੱਸਿਆਵਾਂ ਦਾ ਹੱਲ ਕਰਨ ਸੰਬੰਧੀ ਅਧਿਆਪਨ (Teaching about problems sovling): ਅਧਿਆਪਕ ਵਿਦਿਆਰਥੀਆਂ ਨੂੰ ਸਮੱਸਿਆਵਾਂ ਦਾ ਹੱਲ ਕਰਨ ਲਈ ਕੁਝ ਰਣਨੀਤੀਆਂ ਅਪਣਾਉਦਾ ਹੈ। ਕਿਸੇ ਵੀ ਸਮੱਸਿਆ ਦਾ ਹੱਲ ਕਰਨ ਲਈ IDEAL ਸਿਸਟਮ ਦਾ ਉਪਯੋਗ ਕੀਤਾ ਜਾਦਾ ਹੈ।
  - ੳ. ਪਹਿਚਾਣਨਾ (I-Identify)
  - ਅ. ਪਰਿਭਾਸ਼ਿਤ ਕਰਨਾ (D-Define)
  - ੲ. ਜਾਂਚ-ਪੜਤਾਲ ਕਰਨੀ (E-Explore)
  - ਸ. ਕੰਮ ਕਰਨਾ (A- Act)
  - ਹ. ਦੇਖਣਾ (L-Look)

## 2.5 ਸੰਕਲਪ ਦਾ ਅਰਥ

ਸੰਕਲਪ ਇਕ ਨਾਮ ਹੈ, ਉਤੇਜਕਾਂ ਦੀ ਅਜਿਹੀ ਕਿਸਮ ਲਈ ਜਿਨ੍ਹਾਂ ਦੇ ਇਕੋ ਜਿਹੇ ਗੁਣ ਹੁੰਦੇ ਹਨ। ਇਹ ਉਤੇਜਕ ਵਿਅਕਤੀ, ਵਸਤੂ, ਵਿਚਾਰ ਜਾਂ ਸੋਚ ਹੋ ਸਕਦੇ ਹਨ। ਡੀ.ਸੀ.ਕੋ ਅਤੇ ਕਰਾਫੋਰਡ ਨੇ ਸੰਕਲਪ ਐਟਰੀਬਿਊਟ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ ਕਿ ਬੀਜ ਦਾ ਸੰਕਲਪ, ਦਰੱਖਤ ਦੇ ਸੰਕਲਪ ਤੋਂ ਆਕਾਰ

ਕਰਕੇ ਵਿਭਿੰਨ ਹੁੰਦਾ ਹੈ। ਸੰਕਲਪ ਤਿੰਨ ਪ੍ਰਕਾਰ ਦੇ ਹੁੰਦੇ ਹਨ ਸਥੂਲ ਸੰਕਲਪ, ਸਬੰਧਿਤ ਸੰਕਲਪ ਅਤੇ ਅਮੂਰਤ ਸੰਕਲਪ। ਸਥੂਲ ਸੰਕਲਪ ਨਿਰੀਖਣ ਤੇ ਨਿਰਭਰ ਹੁੰਦੇ ਹਨ। ਸੰਕਲਪ ਦੇ ਦੂਰੀ ਅਤੇ ਦਿਸ਼ਾ ਨਾਲ ਸਬੰਧਿਤ ਹੁੰਦੇ ਹਨ। ਅਮੂਰਤ ਸੰਕਲਪ ਸੰਵੇਤਾ, ਵਿਚਾਰ ਅਤੇ ਸੋਚ ਦੀ ਵਿਸ਼ੇਸ਼ ਕਲਾਸ ਲਈ ਵਰਤੇ ਜਾਂਦੇ ਹਨ।

### 2.5.1 ਸੰਕਲਪ ਦਾ ਅਧਿਆਪਨ

ਡੀਸੀਕੋ ਅਤੇ ਕਰਾਫੋਰਡ ਨੇ ਸੰਕਲਪ ਦੇ ਅਧਿਆਪਕ ਦੇ ਹੇਠ ਲਿਖੇ ਪੜਾਅ ਦਿੱਤੇ ਹਨ:

➢ ਸੰਕਲਪ ਨੂੰ ਸਿੱਖਣ ਤੋਂ ਬਾਅਦ ਵਿਦਿਆਰਥੀਆਂ ਦੇ ਪ੍ਰਦਰਸ਼ਨ ਦੀ ਵਿਆਖਿਆ ਕਰਨੀ। ਸੰਕਲਪ ਸਿੱਖਣ ਲਈ ਨਵੀਆਂ-ਨਵੀਆਂ ਉਦਾਹਰਨਾਂ ਰਾਹੀਂ ਮਦਦਗਾਰ ਹੁੰਦੀਆਂ ਹਨ।

➢ ਸਿੱਖਣ ਵਾਲੇ ਐਂਟਰੀਬਿਊਟ (ਗੁਣ) ਦੀ ਗਿਣਤੀ ਨੂੰ ਘਟਾਉਣਾ। ਨਿਰਦੇਸ਼ਨ ਤੋਂ ਪਹਿਲਾਂ ਐਟਰੀਬਿਊਟ ਅਤੇ ਮੁੱਲਾਂ ਨੂੰ ਜਾਂਚਣਾ ਚਾਹੀਦਾ ਹੈ।

➢ ਵਿਦਿਆਰਥੀ ਜਿਹੜੀ ਸ਼ਬਦਾਵਲੀ ਨੂੰ ਜਾਣਦੇ ਹਨ ਉਨ੍ਹਾਂ ਨੂੰ ਹੀ ਐਟਰੀਬਿਊਟ (ਗੁਣ) ਦੇ ਤੌਰ ਤੇ ਵਰਤਣ ਨਾਲ ਸਿੱਖਣਾ ਧਨਾਤਮਕ ਅਤੇ ਰਿਣਾਤਮਕ ਉਦਾਹਰਣਾਂ ਪ੍ਰਦਾਨ ਕਰਨੀਆਂ। ਸੰਕਲਪ ਦੀ ਧਨਾਤਮਕ ਉਦਾਹਰਨ ਤੋਂ ਭਾਵ ਹੈ ਸੰਕਲਪ ਵਰਗੇ ਗੁਣ ਰੱਖਣਾ, ਨਕਾਰਾਤਮਕ ਉਦਾਹਰਣ ਤੋਂ ਭਾਵ ਹੈ ਸੰਕਲਪ ਵਰਗੇ ਐਟਰੀਬਿਊਟ (ਗੁਣ) ਨਾ ਰੱਖਣਾ।

➢ ਪ੍ਰਤੀਪੁਸ਼ਟੀ ਅਤੇ ਪ੍ਰੋਤਸਾਹਨ ਵਰਗੀਆਂ ਵਿਧੀਆਂ ਦੀ ਵਰਤੋਂ ਕਰਕੇ ਸਿੱਖਣਾ ਨੂੰ ਪ੍ਰਭਾਵਸ਼ਾਲੀ ਬਣਾਉਣਾ।

### 2.5.2 ਖੋਜ ਰਾਹੀਂ ਸੰਕਲਪ ਦਾ ਅਧਿਆਪਨ

ਇਕੋ ਜਿਹੇ ਵਿਚਾਰ, ਸੋਚ ਜਾਂ ਲੋਕਾਂ ਦੀ ਅਗਮਨਨਾਤਮਕ ਤਰਕ ਦੇ ਅਧਿਆਪਨ ਨੂੰ ਖੋਜ ਰਾਹੀਂ ਸੰਕਲਪ ਦਾ ਅਧਿਆਪਨ ਕਿਹਾ ਜਾਂਦਾ ਹੈ। ਅਧਿਆਪਨ ਸਿੱਖਣ ਪ੍ਰਕਿਰਆ ਵਿੱਚ ਅਧਿਆਪਕ ਜਮਾਤ ਵਿਚਲੀ ਚਰਚਾ ਵਿਚ ਵਿਦਿਆਰਥੀਆਂ ਦੀ ਸ਼ਮੂਲੀਅਤ ਯਕੀਨੀ ਕਰਦਾ ਹੈ। ਅਧਿਆਪਕ ਵਿਦਿਆਰਥੀਆਂ ਨੂੰ ਅੰਦਾਜ਼ੇ ਕਮਾਉਣ ਲਈ ਪ੍ਰੋਤਸਾਹਿਤ ਕਰਦਾ ਹੈ। ਬਰੂਨਰ ਅਤੇ ਹੋਰਾਂ (1956) ਅਨੁਸਾਰ ਸੰਕਲਪ ਸਿੱਖਣ ਨੂੰ ਉਤਸ਼ਾਹਿਤ ਕਰਨ ਲਈ ਖੋਜ ਕੀਤੀ।

#### 2.5.2.1 ਖੋਜ ਵਿਧੀ ਦੀ ਧਾਰਨਾ (Concept of Discovery Method)

- ਇਕਾਗਰਤਾ ਕੋਸ਼ਲ ਕਿਰਿਆ (Focus Skill)
- ਕੋਸ਼ਲ ਕਿਰਿਆ (Skill activity)
- ਖੋਜ ਤੱਥ
- ਸਮੀਖਿਆ ਸੰਕਲਪ (Review Concept)
- ਕੁਸ਼ਲ ਅਭਿਆਸ ਵੱਲ ਕੇਂਦਰਿਤ ਪ੍ਰਤਿਪੁਸ਼ਟੀ (Focus Skill Practice)

#### 2.5.2.2 ਖੋਜ ਵਿਧੀ ਦੇ ਉਦੇਸ਼ (Purpose of Discovery Method)

- ਪ੍ਰਕਿਰਿਆ ਵਿਚ ਸ਼ਾਮਿਲ ਹੋਣਾ
- ਟੀਮ ਦੇ ਰੂਪ ਵਿਚ ਪ੍ਰਭਾਵਸ਼ਾਲੀ ਤਕਨੀਕਾਂ ਦੀ ਵਰਤੋਂ
- ਵਤੀਰਾ ਅਤੇ ਅਭਿਆਸ ਨੀਤੀ ਪੈਦਾ ਕਰਨਾ
- ਤੱਥਾਂ ਨੂੰ ਸਮਝਣ ਦੀ ਪ੍ਰਕਿਰਿਆ ਜਾਣਨਾ

#### 2.5.2.3 ਖੋਜ ਵਿਧੀ ਦੇ ਲਾਭ (Advantages)

- ਖੋਜ ਲਈ ਪ੍ਰੇਰਿਤ ਕਰਨਾ
- ਸਿੱਖਣ ਵਿਚ ਸਹਾਇਤਾ ਦੇਣੀ
- ਯਾਦਸ਼ਕਤੀ ਦੀ ਪ੍ਰਕਿਰਿਆ ਵਿਚ ਮੱਦਦ ਕਰਨੀ

- ਵਿਦਿਆਰਥੀ ਨੂੰ ਸਿੱਖਣ ਪ੍ਰਕਿਰਿਆ ਵਿਚ ਸ਼ਾਮਿਲ ਕਰਨਾ
- ਸਿੱਖਣ ਕੋਸ਼ਲ ਦਾ ਨਿਰਮਾਣ ਕਰਨਾ
- ਸਮਝ ਅਤੇ ਜਾਣਕਾਰੀ ਵਿਚ ਵਾਧਾ ਕਰਨਾ

**2.5.2.4 ਖੋਜ ਵਿਧੀ ਦੀਆਂ ਹੇਠ ਲਿਖਿਆਂ ਵਿਸ਼ੇਸ਼ਤਾਵਾਂ ਹਨ–**

1. ਇਹ ਕਾਰਜ ਕਰਕੇ ਸਿੱਖਣਾ ਦੇ ਸਿਧਾਂਤ ਤੇ ਆਧਾਰਿਤ ਹੈ।
2. ਇਹ ਵਿਦਿਆਰਥੀ ਨੂੰ ਸਹੀ ਅਤੇ ਅਰਥਪੂਰਣ ਤਰੀਕੇ ਨਾਲ ਮਸਰੂਫ ਰਖਦਾ ਹੈ।
3. ਇਹ ਵਿਦਿਆਰਥੀ ਦੁਆਰਾ ਸਕੂਲ ਛਡ ਕੇ ਜਾਣ ਦੀ ਦਰ ਨੂੰ ਵੀ ਘੱਟ ਕਰਦਾ ਹੈ।
4. ਵਿਦਿਆਰਥੀ ਨੂੰ ਵਿਸੇ ਨਾਲ ਜੋੜ ਕੇ ਰਖਦਾ ਹੈ।
5. ਵਿਦਿਆਰਥੀਆਂ ਨੂੰ ਸੋਚ ਵਿਚਾਰ ਦੇ ਮੌਕੇ ਪ੍ਰਦਾਨ ਕਰਦਾ ਹੈ।
6. ਵਿਦਿਆਰਥੀ ਕ੍ਰਿਆਸ਼ੀਲ ਢੰਗ ਨਾਲ ਹਰ ਕੰਮ ਵਿਚ ਸਾਮਿਲ ਹੁੰਦਾ ਹੈ ਅਤੇ ਗਿਆਨ ਹਾਸਿਲ ਕਰਦਾ ਹੈ।
7. ਇਹ ਵਿਧੀ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੀ ਹੈ ਅਤੇ ਸਵੈ-ਸਿੱਖਣ ਦੀ ਆਦਤ ਨੂੰ ਵਧਾਉਂਦੀ ਹੈ।

**2.5.3. ਪ੍ਰਦਰਸ਼ਨ ਰਾਹੀਂ ਸੰਕਲਪ ਦਾ ਅਧਿਆਪਨ**

ਪ੍ਰਦਰਸ਼ਨ ਰਾਹੀਂ ਸੰਕਲਪ ਦੇ ਅਧਿਆਪਨ ਵਿੱਚ ਵਿਚਾਰਾਂ ਸਬੰਧ ਸੰਗਠਿਤ ਕਰਕੇ ਕੇਂਦਰਿਤ ਕੀਤੇ ਜਾਂਦੇ ਹਨ। ਅਧਿਆਪਕ ਕ੍ਰਮਬੱਧ ਤਰੀਕੇ ਨਾਲ ਸਮੱਗਰੀ ਪਦਾਨ ਕਰਦਾ ਹੈ ਤਾਂ ਕਿ ਵਿਦਿਆਰਥੀਆਂ ਨੂੰ ਸੰਕਲਪ ਸਮਝ ਆ ਜਾਣ। ਅਧਿਆਪਕ ਆਮ ਤੋਂ ਖਾਸ ਵੱਲ ਜਾਂਦਾ ਹੈ ਅਤੇ ਨਿਗਮਨਨਾਤਮਕ ਵਿਧੀ ਦੀ ਵਰਤੋਂ ਕਰਦਾ ਹੈ। ਅਧਿਆਪਕ ਪਹਿਲਾਂ ਨਿਯਮ ਦੀ ਵਿਆਖਿਆ ਕਰਦਾ ਹੈ। ਫੇਰੇ ਉਦਾਹਰਣਾਂ ਦਿੰਦਾ ਹੈ। ਅਧਿਆਪਕ ਵਿਸ਼ਾ ਸਮੱਗਰੀ ਨੂੰ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਦੇ ਰੂਪ ਵਿਚ ਸਮਝਾਉਂਦਾ ਹੈ। ਪਰਦਰਸ਼ਨ ਰਾਹੀਂ ਅਧਿਆਪਨ ਵਿਚ ਅਧਿਆਪਕ ਪਾਠ ਸਮੱਗਰੀ ਨੂੰ ਤਰਕਯੁਗਤ ਢੰਗ ਰਾਹੀਂ ਸੋਖਾ ਕਰਕੇ ਸਮਝਾਉਂਦਾ ਹੈ ਤਾਂ ਕਿ ਵਿਦਿਆਰਥੀਆਂ ਮੁਸ਼ਕਲ ਤੱਥਾਂ ਨੂੰ ਅਸਾਨੀ ਨਾਲ ਸਮਝ ਸਕਣ। ਪ੍ਰਦਰਸ਼ਨ ਰਾਹੀਂ ਅਧਿਆਪਨ ਸਾਰੇ ਵਿਸ਼ਿਆਂ ਲਈ ਵਰਤੀ ਜਾਂਦੀ ਹੈ ਪਰੰਤੂ ਇਹ ਭਾਸ਼ਾ ਦੇ ਅਧਿਆਪਨ ਵਿਚ ਜ਼ਿਆਦਾ ਫਾਇਦੇਮੰਦ ਹੁੰਦੀ ਹੈ। ਇਸ ਵਿਧੀ ਨੂੰ ਜਦੋਂ ਵਿਦਿਆਰਥੀਆਂ ਦੀ ਰੁਚੀ ਅਤੇ ਮਾਨਸਿਕ ਪੱਧਰ ਅਨੁਸਾਰ ਵਰਤਿਆ ਜਾਵੇ ਤਾਂ ਇਹ ਜਿਆਦਾ ਵਧੀਆ ਨਤੀਜੇ ਦਿੰਦੀ ਹੈ। ਇਹ ਇਕ ਤਰਫਾ ਵਿਧੀ ਹੈ ਪਰੰਤੂ ਕਈ ਵਾਰੀ ਇਸ ਵਿਚ ਵਿਦਿਆਰਥੀ ਰਾਹੀਂ ਚਰਚਾ ਦੀ ਵੀ ਸ਼ਮੂਲੀਅਤ ਕੀਤੀ ਜਾਂਦੀ ਹੈ। ਇਹ ਵਿਧੀ ਅਧਿਆਪਨ-ਕੇਂਦਰਿਤ ਹੁੰਦੀ ਹੈ। ਪ੍ਰਦਰਸ਼ਨ ਰਾਹੀਂ ਸਮੱਗਰੀ ਦੀ ਵਿਭਿੰਨ ਤਰ੍ਹਾਂ ਵਰਤੋਂ ਨੂੰ ਉਦਾਹਰਣਾਂ ਦਿੰਦਾ ਹੈ ਅਤੇ ਹੋਰ ਉਦਾਹਰਣਾਂ ਦੇਣ ਲਈ ਪ੍ਰੇਰਿਤ ਕਰਦਾ ਹੈ। ਅਧਿਆਪਕ ਦੁਆਰਾ ਦਿੱਤੀਆਂ ਵਿਸ਼ੇਸ਼ ਉਦਾਹਰਣਾਂ ਨੂੰ ਇਕੱਠਾ ਕਰਕੇ, ਨਿਯਮਾਂ ਨੂੰ ਕ੍ਰਮਬੱਧ ਕਰਕੇ ਅਧਿਆਪਨ-ਸਿੱਖਣ ਪ੍ਰਕਿਰਿਆ ਦੌਰਾਨ ਵਿਦਿਆਰਥੀਆਂ ਕਿਰਿਆਤਮਕ ਰੂਪ ਵਿਚ ਕੰਮ ਕਰਦੇ ਹਨ। ਜਮਾਤ ਕਮਰੇ ਦੇ ਤਾਲਮੇਲ ਦੌਰਾਨ ਅਗਮਨਨਾਤਮਕ ਤਰਕ ਹੀ ਖੋਜ ਰਾਹੀਂ ਸੰਕਲਪ ਦੇ ਅਧਿਆਪਨ ਦਾ ਅਧਾਰ ਹੁੰਦੇ ਹਨ। ਖੋਜ ਰਾਹੀਂ ਸੰਕਲਪ ਸਿੱਖਣ ਵਿਚ ਵਿਦਿਆਰਥੀ ਆਪਣੇ ਆਪ ਉਦਾਹਰਣਾ ਤੋਂ ਸਿੱਖਦੇ ਹਨ। ਅਧਿਆਪਕ ਲੋੜੀਂਦੀ ਸਮੱਗਰੀ ਪ੍ਰਦਾਨ ਕਰਦੇ ਹਨ ਤਾਂ ਕਿ ਵਿਦਿਆਰਥੀ ਆਤਾਮਾਨਾਤਮਕ ਤਰਕ ਦੀ ਵਰਤੋਂ ਕਰਕੇ ਸਿੱਖ ਸਕਣ। ਜੋਲਿੰਗਨ (1999) ਅਨੁਸਾਰ ਖੋਜ ਰਾਹੀਂ ਸਿੱਖਣਾ ਵਿੱਚ ਵਿਦਿਆਰਥੀ ਪ੍ਰਯੋਗ ਕਰਕੇ ਸਿੱਖਦੇ ਹਨ ਬੋਰਥਿਕ ਅਤੇ ਜੋਨਜ਼ (2000) ਅਨੁਸਾਰ ਭਾਗੀਦਾਰ ਸਮੱਸਿਆ ਦੀ ਪਹਿਚਾਣ ਕਰਦੇ ਹਨ, ਉਚਿਤ ਜਾਣਕਾਰੀ ਪ੍ਰਾਪਤ ਕਰਦੇ ਹਨ, ਹੱਸ ਲੱਭਣ ਦੀ ਵਿਧੀ ਤਿਆਰ ਕਰਦੇ ਹਨ ਅਤੇ ਇਸ ਵਿਧੀ ਨੂੰ ਲਾਗੂ ਕਰਦੇ ਹਨ। ਸਮੂਹਿਕ ਖੋਜ ਸਿੱਖਣਾ ਰਾਹੀਂ ਵਿਦਿਆਰਥੀ ਇਕੱਠੇ ਹੋ ਕੇ ਸਮੱਸਿਆ ਦਾ ਹੱਲ ਲੱਭਦੇ ਹਨ। ਪਹਿਲਾਂ ਸਮੱਗਰੀ ਕਿਤਾਬਾਂ ਦੇ ਰੂਪ ਵਿਚ, ਸੀਡੀਜ਼ ਦੇ ਰੂਪ ਵਿਚ ਵਰਤੀ ਜਾਂਦੀ ਸੀ ਪਰੰਤੂ ਅੱਜ ਦੇ ਸਮੇਂ ਵਿਚ ਆਈਪੋਡਜ਼ ਅਤੇ ਈ-ਕਿਤਾਬਾਂ ਦੇ ਰੂਪ ਵਿਚ ਵਿਸ਼ਾ ਵਸਤੂ ਵਰਤੀ ਜਾਂਦੀ ਹੈ। ਪ੍ਰਰਦਰਸ਼ਨ ਰਾਹੀਂ ਸੰਕਲਪ ਦੇ

ਅਧਿਆਪਨ ਰਾਹੀਂ ਵਿਦਿਆਰਥੀ ਇਹ ਸਿੱਖਦੇ ਹਨ ਕਿ ਉਨ੍ਹਾਂ ਲਈ ਕਿਹੜੇ ਵਿਸ਼ਾ ਵਿਚ ਕੀ ਮਹੱਤਵਪੂਰਨ ਹੈ, ਜਦੋਂ ਕਿ ਬਾਕੀ ਵਿਦਿਆਰਥੀ ਜਾਣਕਾਰੀ ਇਕੱਠੀ ਕਰਦੇ ਹਨ।

**2.5.3.1 ਪ੍ਰਦਰਸ਼ਨ ਰਾਹੀ ਸੰਕਲਪ ਦਾ ਅਧਿਆਪਨ ਦੀਆਂ ਵਿਸ਼ੇਸ਼ਤਾਵਾਂ (Characteristics)**

- ਪਾਠ ਸਮੱਗਰੀ ਅਧਾਰਿਤ
- ਇਕ ਪੱਖੀ ਪ੍ਰਕਿਰਿਆ
- ਅਗਵਾਈ ਕੇਂਦਰਿਤ
- ਸਿਖਿਆਰਥੀ ਅਚੇਤ
- ਅਧਿਆਪਨ ਕੇਂਦਰਿਤ
- ਤੱਥਾਂ ਤੇ ਆਧਾਰਿਤ ਜਾਣਕਾਰੀ
- ਆਗੂ ਦੀ ਕਿਰਿਆਸ਼ੀਲਤਾ

**2.5.3.2 ਲਾਭ (Advantages)**

- ਸੁਨਣ ਕੋਸ਼ਲ ਦਾ ਵਿਕਾਸ
- ਘੱਟ ਸਮੇਂ ਦੀ ਜਿਆਦਾ ਵਰਤੋਂ
- ਤਰਕਸ਼ੀਲਤਾ ਨੂੰ ਪ੍ਰੇਰਿਤ ਕਰਦੀ ਹੈ
- ਘੱਟ ਸਮੇ ਵਿਚ ਨਿਰਦੇਸ਼ਾਂ ਦੀ ਪੂਰਤੀ ਹੁੰਦੀ ਹੈ
- ਸਿੱਖਣ ਦੀਆਂ ਵਿਧੀਆਂ ਦੀ ਵਰਤੋਂ ਕਰਨਾ

**2.5.3.3 ਸੀਮਾਵਾਂ (Limitations)।**

- ਅਧਿਆਪਕ ਕੇਦਰਿਤ
- ਕਲਪਾਨਾਵਾਂ ਨੂੰ ਪ੍ਰੇਰਿਤ ਕਰਦੀ ਹੈ
- ਉੱਚ ਪੱਧਰ ਲਈ ਨੁਕਸਾਨਦਾਇਕ
- ਵਿਦਿਆਰਥੀ ਦੀ ਕਿਰਿਆਸ਼ੀਲਤਾ ਘੱਟ ਜਾਂਦੀ ਹੈ

**2.4.5 ਵਿਭਿੰਨ ਜਮਾਤਾਂ ਵਿਚ ਸੰਕਲਪ ਦਾ ਅਧਿਆਪਨ**

ਵਿਭਿੰਨ ਜਮਾਤਾਂ ਵਿਚ ਸੰਕਲਪ ਦਾ ਅਧਿਆਪਨ ਵਿਦਿਆਰਥੀਆਂ ਦੇ ਪ੍ਰਾਪਤ ਕੀਤੇ ਗਿਆਨ ਨੂੰ ਨਵੇਂ ਗਿਆਨ ਨਾਲ ਜੋੜਦਾ ਹੈ। ਇਹ ਵੱਖ ਵੱਖ ਜਮਾਤਾਂ ਲਈ ਲਾਭਵੰਦ ਹੈ। ਜਮਾਤ ਵਿਚ ਵਿਦਿਆਰਥੀਆਂ ਕੋਲ ਜੋ ਪਹਿਲਾਂ ਹੀ ਗਿਆਨ ਹੈ, ਅਧਿਆਪਕ ਉਸਨੂੰ ਪਰਖਦੇ ਹਨ ਫੇਰ ਉਦਾਹਰਣ ਦੀ ਮੱਦਦ ਨਾਲ ਨਵੇਂ ਗਿਆਨ ਨਾਲ ਜੋੜਦੇ ਹਨ। ਅਧਿਆਪਨ ਸੰਕਲਪ ਅਧਿਆਪਨ ਲਈ ਐਨਾਲੋਜੀਕਲ ਨਿਰਦੇਸ਼ਨ ਦੀ ਵਰਤੋਂ ਕਰ ਸਕਦੇ ਹਨ। ਅਧਿਆਪਕ ਪਹਿਲਾਂ ਪ੍ਰਾਪਤ ਕੀਤੇ ਗਿਆਨ ਅਤੇ ਨਵੇਂ ਸੰਕਲਪਾਂ ਵਿਚ ਸਮਾਨਤਾਵਾਂ ਅਤੇ ਭਿੰਨਤਾਵਾਂ ਦੀ ਵਿਆਖਿਆ ਕਰਕੇ ਸਮਝਾਉਂਦੇ ਹਨ। ਵਿਭਿੰਨ ਸਿਖਿਆਰਥੀਆਂ ਦੀਆਂ ਲੋੜਾਂ ਨੂੰ ਮੁਖ ਰਖਦੇ ਹੋਏ ਅਧਿਆਪਕ ਕਈ ਪ੍ਰਕਾਰ ਦੇ ਅਧਿਆਪਨ ਦੇ ਢੰਗ ਵਰਤਦੇ ਹਨ ਕਿਉਂਕਿ ਅਧਿਆਪਕ ਨੂੰ ਵੱਖ ਵੱਖ ਢੰਗ ਵਰਤਣੇ ਚਾਹੀਦੇ ਹਨ ਵਿਦਿਆਰਥੀ ਵੱਖ ਵੱਖ ਸਭਿਆਚਾਰ, ਤਜ਼ਰਬਿਆਂ ਅਤੇ ਸਿੱਖਣ ਢੰਗਾਂ ਸਮੇਤ ਆਏ ਹਨ। ਹਰ ਵਿਦਿਆਰਥੀ ਦੀਆਂ ਕਦਰਾਂ-ਕੀਮਤਾਂ, ਤਜ਼ਰਬੇ ਅਤੇ ਲੋੜਾਂ ਵਿਭਿੰਨ ਹੁੰਦੀਆਂ ਹਨ। ਸੋ ਅਧਿਆਪਕ, ਵਿਦਿਆਰਥੀਆਂ ਦੀ ਵਿਅਕਤੀਗਤ ਭੂਮਿਕਾ ਅਨੁਸਾਰ ਪੜ੍ਹਾ ਸਕਦੇ ਹਨ। ਜਮਾਤ ਵਿਚ ਜੋ ਵੀ ਵਿਸ਼ਾ ਵਸਤੂ ਪੜਾਈ ਜਾਂਦੀ ਹੈ। ਉਸ ਵਿਚ ਵਿਭਿੰਨਤਾ ਨੂੰ ਧਿਆਨ ਵਿਚ ਰਖਕੇ ਅਧਿਆਪਨ ਦੇ ਏਕੀਕ੍ਰਿਤ ਕੀਤੇ ਜਾਂਦੇ ਹਨ ਤਾਂ ਕਿ ਹਰੇਕ ਵਿਦਿਆਰਥੀ ਸਿੱਖ ਸਕੇ।

### 2.4.6 ਸਾਰ

ਸੰਗਿਆਨਾਤਮਕ ਪ੍ਰਕਿਰਿਆ ਵਿਚ ਅਧਿਆਪਕ ਅਤੇ ਸਿੱਖਣ ਕਿਰਿਆ ਦੌਰਾਨ ਵਿਦਿਆਰਥੀਆਂ ਦੀਆਂ ਰਚਨਾਤਮਕ ਯੋਗਤਾਵਾਂ ਦਾ ਧਿਆਨ ਰਖਿਆ ਜਾਂਦਾ ਹੈ। ਇਸ ਦੌਰਾਨ ਵਿਦਿਆਰਥੀਆਂ ਦੀ ਸਮੱਸਿਆ ਹੱਲ ਕਰਨ ਦੀ ਯੋਗਤਾ ਅਤੇ ਵਿਭਿੰਨ ਸਿੱਖਣ ਸਥਿਤੀਆਂ ਵਿਚ ਖੋਜ ਰਾਹੀਂ ਸਿੱਖਣਾ ਯੋਗਤਾ ਨੂੰ ਵਧੀਆ ਬਣਾਇਆ ਜਾਂਦਾ ਹੈ। ਸਹਾਇਕ ਸਮੱਗਰੀ ਦੀ ਚੋਣ ਅਧਿਆਪਨ ਸਿੱਖਣ ਪ੍ਰਕਿਰਿਆ ਦੇ ਆਧਾਰ ਤੇ ਕੀਤੀ ਜਾਣੀ ਚਾਹੀਦੀ ਹੈ। ਸਿੱਖਣ ਦੇ ਉਦੇਸ਼ ਪ੍ਰਾਪਤ ਕਰਨ ਲਈ ਅਧਿਆਪਨ ਜੁਗਤਾਂ ਦੀ ਚੋਣ ਕੀਤੀ ਜਾਂਦੀ ਹੈ।

ਸੰਕਲਪ ਇਕ ਨਾਂ ਹੈ ਜੋ ਵਿਅਕਤੀ, ਵਿਚਾਰ ਜਾਂ ਸੋਚ ਦੇ ਅਜਿਹੇ ਸਮੂਹ ਲਈ ਵਰਤਿਆ ਜਾਂਦਾ ਹੈ, ਜਿਨ੍ਹਾਂ ਦੇ ਗੁਣ ਸਮਾਨ ਹੋਣ। ਸੰਕਲਪ ਤਿੰਨ ਪ੍ਰਕਾਰ ਦੇ ਹੋ ਸਕਦੇ ਹਨ- ਸਥੂਲ ਸੰਕਲਪ, ਸਬੰਧਿਤ ਸੰਕਲਪ ਅਤੇ ਅਮੂਰਤ ਸੰਕਲਪ। ਸੰਕਲਪ ਦੇ ਅਧਿਆਪਨ ਵਿਚ ਵਿਦਿਆਰਥੀਆਂ ਦਾ ਪ੍ਰਦਰਸ਼ਨ, ਗੁਣਾਂ (ਐਟਰੀਬਿਊਟ) ਦੀ ਗਿਣਤੀ ਨੂੰ ਘਟਾਉਣ, ਧਨਾਤਮਕ ਅਤੇ ਰਿਣਾਤਮਕ ਉਦਾਹਰਣਾਂ ਪ੍ਰਸਤੁਤ ਕਰਨਾ ਸ਼ਾਮਿਲ ਹੁੰਦਾ ਹੈ। ਪਰਦਰਸ਼ਨ ਰਾਹੀਂ ਸੰਕਲਪ ਦੇ ਅਧਿਆਪਨ ਵਿਚ ਅਧਿਆਪਕ ਪਾਠ ਸਮੱਗਰੀ ਨੂੰ ਤਰਕਸੰਗਤ ਢੰਗ ਰਾਹੀਂ ਸੌਖਾ ਕਰਕੇ ਵਿਦਿਆਰਥੀਆਂ ਨੂੰ ਸਮਝਾਉਂਦਾ ਹੈ। ਇਸ ਨੂੰ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦੇ ਅਨੁਸਾਰ ਵਰਤਣਾ ਚਾਹੀਦਾ ਹੈ। ਵਿਭਿੰਨ ਜਮਾਤਾਂ ਵਿਚ ਅਧਿਆਪਕ ਵਿਦਿਆਰਥੀਆਂ ਦੇ ਮੌਜੂਦਾ ਗਿਆਨ ਨੂੰ ਨਵੇਂ ਗਿਆਨ ਨਾਲ ਜੋੜ ਕੇ ਪੜਾਉਂਦਾ ਹੈ ਅਤੇ ਵਿਦਿਆਰਥੀਆਂ ਦੀਆਂ ਵੱਖ ਵੱਖ ਲੋੜਾਂ, ਸਭਿਆਚਾਰ ਅਤੇ ਤਜ਼ਰਬਿਆਂ ਨੂੰ ਵਿਚ ਰਖਦੇ ਹੋਏ ਅਧਿਆਪਨ ਵਿਧੀਆਂ ਦੀ ਚੋਣ ਕਰਦਾ ਹੈ।

### 2.4.7 ਸ਼ਬਦਾਵਲੀ

ਸੰਕਲਪ, ਸਬੰਧ, ਖੋਜ, ਪ੍ਰਦਰਸ਼ਨ, ਵਿਭਿੰਨ ਜਮਾਤ ਕਮਰੇ

### 2.4.8 ਸੁਝਾਏ ਪ੍ਰਸ਼ਨ

ਪ੍ਰ. ਅਧਿਆਪਨ ਕੀ ਹੈ? ਇਹ ਸਿੱਖਣ ਨਾਲ ਕਿਵੇਂ ਸਬੰਧਿਤ ਹੈ?

ਪ੍ਰ. ਖੋਜ ਰਾਹੀਂ ਸੰਕਲਪ ਅਧਿਆਪਨ ਤੇ ਚਰਚਾ ਕਰੋ।

ਪ੍ਰ. ਪ੍ਰਦਰਸ਼ਨ ਰਾਹੀਂ ਸੰਕਲਪ ਅਧਿਆਪਨ ਦੀ ਵਿਆਖਿਆ ਕਰੋ।

### 2.4.9 ਸੁਝਾਈਆਂ ਪੁਸਤਕਾਂ


- Bhushan, A. and M. Ahya (2002) Educational Technology. Bawa Publications, Patiala.
- Saxena, S. and S.C. Oberoi (1999) Technology of Teaching. Surya Publications, Meerut.
- Sharma, R.A. (2010) Technological Foundation of Education. Lall Book Depot, Meerut.
- Tharnell, J.G. (1976) Research on cognitive Styles. Implications Teacing and Learning. Educational Leadership, April, PP. 502-504`
- Singh, A, Sharma R(2010), Teaching learning Process 21st century Publications, Patiala


### 2.4.10ਸਵੈ-ਮੁਲਾਂਕਣ ਅਭਿਆਸ

ਅਧਿਆਪਨ ਇਕ ................ ਪ੍ਰਕਿਰਿਆ ਹੈ। (ਤਾਲਮੇਲ)

ਖੋਜ ਰਾਹੀਂ ਸੰਕਲਪ ਅਧਿਆਪਨ ਜਮਾਤ ਕਮਰੇ ਵਿਚਾਲੇ ਤਾਲਮੇਲ ਦੀ ................ ਤੇ ਅਧਾਰਿਤ ਹੁੰਦਾ ਹੈ। (ਆਗਮਨਾਤਮਕ ਤਰਕ)

ਪ੍ਰਦਰਸ਼ਨ ਰਾਹੀਂ ................. ਅਧਿਆਪਨ ਦੌਰਾਨ ਵਿਚਾਰਾਂ ਵਿਚ ਸੰਗਠਿਤ ਅਤੇ ਕੇਂਦਰਿਤ ਸਬੰਧ ਦੇਖਿਆ ਜਾਂਦਾ ਹੈ। (ਸੰਕਲਪ)

ਅਧਿਆਪਕ ਵਿਭਿੰਨ ਪਿਛੋਕੜ ਅਤੇ ਲੋੜਾਂ ਵਾਲੇ ਵਿਦਿਆਰਥੀਆਂ ਦੇ ਸਿੱਖਣ ਪ੍ਰਕਿਰਿਆ ਨੂੰ ................. ਕਰਦਾ ਹੈ। (ਸੌਖਾ)

***Laser Type-Setting By :***
***Comp. Lab, Depart. of Distance Education , Punjabi University, Patiala(H.S)***